# TRAVELS OF GURU GOBIND SINGH

## ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ

 www.sikhbookclub.com

*University Atlas*

# TRAVELS OF GURU GOBIND SINGH

*edited by*
Dr. FAUJA SINGH

*Maps Drawn by*
MEHAR SINGH GILL

PUBLICATION BUREAU,
PUNJABI UNIVERSITY, PATIALA

 www.sikhbookclub.com

©
PUNJABI UNIVERSITY PATIALA

TRAVELS OF GURU GOBIND SINGH
by
Fauja Singh

ISBN 81-7380-831-7

2002
*First Edition : January 1968*
*Copies: 1100*
*Price : Rs. 200-00*

Published by Prof. K. S. Sidhu, Registrar, Punjabi University, Patiala and Printed at
M/s. Leonard Printers, Patiala


www.sikhbookclub.com

ਯੂਨੀਵਰਸਿਟੀ ਐਟਲਸ

# ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ

ਸੰਪਾਦਕ

**ਡਾ. ਫੌਜਾ ਸਿੰਘ**

ਰੇਖਾਕਾਰ.

**ਮਿਹਰ ਸਿੰਘ ਗਿੱਲ**

ਪਬਲੀਕੇਸ਼ਨ ਬਿਊਰੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

 www.sikhbookclub.com

©
ਪੰਜਾਬੀ ਯੂਨੀਵਰਸਿਟੀ ਪਟਿਆਲਾ

**ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ**

ਸੰਪਾਦਕ
ਫ਼ੌਜਾ ਸਿੰਘ

ISBN 81-7380-831-7

2002
ਪਹਿਲਾ ਸੰਸਕਰਣ : ਜਨਵਰੀ 1968
ਕਾਪੀਆਂ : 1100
ਕੀਮਤ : 200-00 ਰੁ:

ਪ੍ਰੋ. ਕੇ. ਐਸ. ਸਿੱਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ
ਲਿਓਨਾਰਡ ਪ੍ਰਿੰਟਰਜ਼ ਪਟਿਆਲਾ ਵਿਖੇ ਛਪੀ।

 www.sikhbookclub.com

# ਦੂਜੇ ਐਡੀਸ਼ਨ ਬਾਰੇ

**ਐਟਲਸ ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ** ਆਪਣੇ ਆਪ ਵਿੱਚ ਇੱਕ ਬੇਮਿਸਾਲ ਅਤੇ ਹੁੰਨਰ ਭਰਪੂਰ ਕੰਮ ਹੈ। ਡਾ. ਫੌਜਾ ਸਿੰਘ ਜੀ ਨੇ ਬੜੀ ਮਿਹਨਤ ਨਾਲ ਇਸ ਨੂੰ ਤਿਆਰ ਕਰਵਾਇਆ ਸੀ। ਇਸ ਦੀ ਤਿਆਰੀ 1966 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਵੇਂ ਜਨਮ ਦਿਵਸ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਕੀਤੀ ਗਈ ਸੀ। ਇਸ ਨਾਯਾਬ ਪੁਸਤਕ ਦਾ ਪਹਿਲਾ ਸੰਸਕਰਣ 1968 ਵਿੱਚ ਛਾਪਿਆ ਗਿਆ ਸੀ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਚਪਨ ਤੋਂ ਲੈ ਕੇ ਅੰਤਮ ਸਮੇਂ ਤੀਕ ਕੀਤੇ ਗਏ ਸਫ਼ਰਾਂ ਦਾ ਸਿਲਸਿਲੇਵਾਰ ਵੇਰਵਾ ਹੈ। ਇਹ ਵੇਰਵਾ ਸੰਖੇਪ ਰੂਪ ਵਿੱਚ ਹੋਣ ਦੇ ਬਾਵਜੂਦ ਵੀ ਪੂਰਾ ਵਿਸਥਾਰ ਪਾਠਕਾਂ ਸਾਹਮਣੇ ਰੱਖ ਦਿੰਦਾ ਹੈ। ਸਫ਼ਰਾਂ ਦੇ ਨਕਸ਼ੇ ਸਮੁੱਚੇ ਸਫ਼ਰਾਂ ਦੀ ਤਸਵੀਰ ਬਣ ਕੇ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ। ਬੜੇ ਚਿਰਾਂ ਤੋਂ ਇਹ ਪੁਸਤਕ ਸਟਾਕ ਵਿੱਚੋਂ ਖ਼ਤਮ ਹੋਈ ਪਈ ਸੀ। ਪਾਠਕਾਂ ਦੀ ਬੜੀ ਮੰਗ ਸੀ। ਇਸ ਮੰਗ ਨੂੰ ਪੂਰਾ ਕਰਨ ਲਈ ਹੀ ਇਸ ਨੂੰ ਮੁੜ ਛਾਪਿਆ ਹੈ। ਮੁੜ ਛਾਪਣ ਸਮੇਂ ਇਸ ਵਿੱਚ ਕਿਸੇ ਵੀ ਕਿਸਮ ਦੀ ਕੋਈ ਵਾਧ-ਘਾਟ ਨਹੀਂ ਕੀਤੀ ਗਈ। ਜਿਸ ਤਰ੍ਹਾਂ ਸਵਰਗਵਾਸੀ ਡਾ. ਫੌਜਾ ਸਿੰਘ ਜੀ ਨੇ ਇਸ ਪੁਸਤਕ ਨੂੰ ਸੈਟ ਕੀਤਾ ਸੀ ਬਿਲਕੁਲ ਉਸੇ ਤਰ੍ਹਾਂ ਇਸ ਦੂਸਰੇ ਸੰਸਕਰਣ ਵਿੱਚ ਛਾਪ ਦਿੱਤੀ ਗਈ ਹੈ। ਇਹ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਸਵਰਗਵਾਸੀ ਲੇਖਕ ਵੱਲੋਂ ਲਿਖੇ ਗਏ ਵਿਸ਼ੇ ਵਿੱਚ, ਸੰਪਾਦਨਾ ਜਾਂ ਮੁੜ ਸੰਪਾਦਨਾਂ ਜਾਂ ਕਿਸੇ ਲੋੜੀਂਦੀ ਪਰ ਵਾਧੂ ਸ਼ਮੂਲੀਅਤ ਕਰਨ ਦੇ ਬਹਾਨੇ ਕੁੱਝ ਅਦਲਾ ਬਦਲੀ ਕਰ ਦਿੱਤੀ ਜਾਵੇ। ਡਾਕਟਰ ਸਾਹਿਬ ਪੰਜਾਬ ਦੇ ਇਤਿਹਾਸਕਾਰਾਂ ਵਿੱਚੋਂ ਪਹਿਲੀ ਕਤਾਰ ਵਿੱਚ ਖੜੇ ਹੋਣ ਵਾਲੇ ਇਤਿਹਾਸਕਾਰ ਸਨ। ਪੰਜਾਬ ਇਤਿਹਾਸ ਅਧਿਐਨ ਵਿਭਾਗ (ਖੋਜ ਵਿਭਾਗ) ਅਤੇ ਇਤਿਹਾਸ ਵਿਭਾਗ (ਪੜ੍ਹਾਈ ਵਿਭਾਗ) ਨੂੰ ਉਨ੍ਹਾਂ ਨੇ ਆਪਣੇ ਖ਼ੂਨ ਪਸੀਨੇ ਦੀ ਸਖ਼ਤ ਮਿਹਨਤ ਨਾਲ ਖੜਿਆ ਕੀਤਾ ਸੀ। ਇਸ ਐਟਲਸ ਦੀ ਮੁੜ ਪਰਕਾਸ਼ਨਾ ਉਨ੍ਹਾਂ ਦੀ ਪਵਿੱਤਰ ਯਾਦ ਨੂੰ ਹੀ ਇੱਕ ਸਨੇਹ-ਭਰੀ ਸ਼ਰਧਾਂਜਲੀ ਹੈ।

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਡਾ. ਸੁਖਦਿਆਲ ਸਿੰਘ**
ਮੁਖੀ


www.sikhbookclub.com

# FOREWORD

Guru Gobind Singh, the Tenth Sikh Master, has implanted a lasting stamp on human history. The revolutionary movement, which had gradually evolved under the leadership of the preceding Sikh Gurus, reached its culmination under him. The Khalsa under him had to face a formidable challenge from its adversaries, the Hindu Rajas. He was, therefore, forced to fight against them and naturally could not lead a well-settled life. He was born at Patna in A.D. 1666. He was hardly six years when he left for Anandpur. After some years stay at Anandpur, he proceeded to the State of Nahan and had his headquarters at Paonta for over four years. Towards the end of 1688, he returned to Anandpur where he stayed on till 1705. After leaving Anandpur, he moved into the interior of the Malwa where he travelled widely. Towards the end of 1706 he set out for the Deccan with a view to meeting Emperor Aurangzeb at the latter's invitation. His journey lay through Rajasthan. When he had gone as far as Baghaur, he was apprised of the Emperor's death. Immediately, he obandoned the idea of proceeding any further and turned towards Delhi with the object of meeting Prince Muazzim and watching, as he says in his autobiography, the 'Sultani' war. After a few days stay at Delhi, he moved on to Agra where he was received in royal audience by the vicotrious Prince Muazzim, now Emperor Bahadur Shah. After a few months when the Emperor set out for Rajasthan, the Guru also decided to go along with him. This was his second visit to the land of the Rajputs. The Emperor soon had to march towards the Daccan. The Guru proceeded with him up to Nander, a place on the Godavari bank, where he separat ed from the Imperial Camp. This was the last place visited by him, for he breathed his last soon afterwards in October, 1708.

Consequently, while formulating plans for the celebration of the tercentenary of Guru Gobind Singh, it was decided to bring out a detailed atlas of his travels having a separate map of each major movement along with an explanatory note bearing on it. Though the work started immediately, it could not be brought out at the time of celebrations, because the project had to be carried out with great care. I am well aware that despite every possible care there may still be some shortcomings in the present work. But this is only a pioneer attempt and perfection cannot be expected in a pioneer work.

Here I must mention that this work is the result of a corporate effort of Dr. Ganda Singh, Dr. Fauja Singh, S. Mehar Singh Gill and S. Hazara Singh. I shall be failing in my duty if I do not thank them.

*26 January, 1968*
*Punjabi University, Patiala*

*KIRPAL SINGH NARANG*
*Vice-Chancellor*


www.sikhbookclub.com

# ਮੁਖ ਬੰਧ

ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਾਨਵਤਾ ਦੇ ਇਤਿਹਾਸ ਉੱਤੇ ਜੋ ਛਾਪ ਅੰਕਿਤ ਕੀਤੀ ਹੈ, ਉਹ ਕਦੀ ਵੀ ਮਿਟ ਨਹੀਂ ਸਕਦੀ। ਇਨਕਲਾਬੀ ਸਿੱਖ ਤਹਿਰੀਕ, ਜਿਹੜੀ ਪਿਛਲੇ ਗੁਰੂਆਂ ਦੀ ਅਗਵਾਈ ਹੇਠ ਹੌਲੀ ਹੌਲੀ ਵਿਕਸਿਤ ਹੋ ਰਹੀ ਸੀ, ਉਸ ਦੀ ਸਿਖਰ ਇਨ੍ਹਾਂ ਦੇ ਸਮੇਂ ਹੀ ਛੋਹੀ ਗਈ। ਇਨ੍ਹਾਂ ਦੇ ਸਿਰਜੇ ਹੋਏ ਖਾਲਸੇ ਨੂੰ ਸ਼ੁਰੂ ਤੋਂ ਹੀ ਕੁਝ ਵਿਰੋਧੀ ਹਿੰਦੂ ਰਾਜਿਆਂ ਵਲੋਂ ਇੱਕ ਮਹਾਨ ਵੰਗਾਰ ਦਾ ਸਾਮ੍ਹਣਾ ਕਰਨਾ ਪਇਆ। ਇੰਜ ਜੋ ਲੜਾਈਆਂ ਇਨ੍ਹਾਂ ਨੂੰ ਲੜਨੀਆਂ ਪਈਆਂ, ਉਨ੍ਹਾਂ ਕਰਕੇ ਇਨ੍ਹਾਂ ਲਈ ਇੱਕ ਥਾਂ ਤੇ ਪੱਕੇ ਪੈਂਤੜੇ ਨਾਲ ਬੈਠਣਾ ਸੰਭਵ ਨਹੀਂ ਸੀ। ਇਨ੍ਹਾਂ ਦਾ ਜਨਮ 1666 ਈ. ਵਿਚ ਪਟਨੇਂ ਵਿਖੇ ਹੋਇਆ। ਅਜੇ ਇਨ੍ਹਾਂ ਦੀ ਆਯੂ ਮੁਸ਼ਕਲ ਨਾਲ ਛੇ ਸਾਲ ਹੋਵੇਗੀ ਜਦੋਂ ਇਨ੍ਹਾਂ ਨੂੰ ਆਪਣਾ ਜਨਮਅਸਥਾਨ ਛੱਡ ਕੇ ਅਨੰਦਪੁਰ ਆਉਣਾ ਪਇਆ। ਕੁਝ ਚਿਰ ਆਨੰਦਪੁਰ ਸਾਹਿਬ ਠਹਿਰ ਕੇ ਇਹ ਨਾਹਨ ਦੀ ਰਿਆਸਤ ਵਿਚ ਚਲੇ ਗਏ। ਉਥੇ ਲਗ ਪਗ ਚਾਰ ਸਾਲ ਤਕ ਇਨ੍ਹਾਂ ਦਾ ਸਦਰ ਮੁਕਾਮ ਪੌਂਟਾ ਸਾਹਿਬ ਬਣਿਆ ਰਹਿਆ। 1688 ਈ. ਦੇ ਅੰਤ ਵਿਚ ਇਹ ਮੁੜ ਆਨੰਦਪੁਰ ਆ ਗਏ, ਜਿਥੇ ਇਹ 1705 ਈ. ਤੀਕ ਠਹਿਰੇ ਰਹੇ। ਜਦੋਂ ਇਨ੍ਹਾਂ ਨੂੰ ਆਖਿਰਕਾਰ ਆਨੰਦਪੁਰ ਛਡਣਾ ਪਇਆ, ਇਹ ਉਥੋਂ ਚਲ ਕੇ ਮਾਲਵੇ ਵਿਚ ਆ ਗਏ ਜਿਥੇ ਇਨ੍ਹਾਂ ਨੇ ਪਿੰਡਾਂ ਵਿਚ ਦੂਰ ਦੂਰ ਸਫ਼ਰ ਕੀਤਾ। 1706 ਈ. ਦੇ ਅੰਤ ਵਿਚ ਮੁਗਲ ਬਾਦਸ਼ਾਹ ਔਰਗਜ਼ੇਬ ਨੂੰ ਮਿਲਣ ਲਈ ਦੱਖਣ ਵਲ ਚਲ ਪਏ। ਜਦੋਂ ਰਾਜਪੂਤਾਨੇ ਵਿਚੋਂ ਦੀ ਲੰਘਦੇ ਹੋਏ ਬਘੌਰ ਦੇ ਅਸਥਾਨ ਤੇ ਪੁੱਜੇ, ਤਾਂ ਇਨ੍ਹਾਂ ਨੂੰ ਸੂਚਨਾ ਮਿਲੀ ਕਿ ਬਾਦਸ਼ਾਹ ਦਾ ਦੇਹਾਂਤ ਹੋ ਗਿਆ ਹੈ। ਇਸ ਤੇ ਇਨ੍ਹਾਂ ਹੋਰ ਅਗਾਂਹ ਜਾਣ ਦਾ ਖਿਆਲ ਛੱਡ ਦਿੱਤਾ ਅਤੇ ਸ਼ਹਜ਼ਾਦਾ ਮੁਅਜ਼ਮ ਨੂੰ ਮਿਲਣ ਤੇ, ਜਿਵੇਂ ਇਨ੍ਹਾਂ ਨੇ ਆਪ ਕਿਹਾ ਹੈ, 'ਸੁਲਤਾਨੀ' ਯੁੱਧ ਵੇਖਣ ਲਈ ਦਿੱਲੀ ਨੂੰ ਚੱਲ ਪਏ। ਕੁਝ ਸਮਾਂ ਦਿੱਲੀ ਠਹਿਰ ਕੇ ਇਨ੍ਹਾਂ ਨੇ ਆਗਰੇ ਵਲ ਰੁੱਖ ਕੀਤਾ ਜਿਥੇ ਸ਼ਹਜ਼ਾਦਾ ਮੁਅਜ਼ਮ ਨੇ, ਜਿਹੜਾ ਹੁਣ ਆਪਣੇ ਵਿਰੋਧੀ ਭਰਾ ਆਜ਼ਿਮ ਉਤੇ ਜਿੱਤ ਹਾਸਿਲ ਕਰਕੇ ਸ਼ਹਨਸ਼ਾਹ ਬਹਾਦਰ ਸ਼ਾਹ ਬਣ ਚੁੱਕਾ ਸੀ, ਇਨ੍ਹਾਂ ਨੂੰ ਆਪਣੇ ਦਰਬਾਰ ਵਿੱਚ ਸੱਦ ਕੇ ਸਨਮਾਨਿਆ। ਕੁਝ ਹੀ ਮਹੀਨਿਆਂ ਪਿਛੋਂ ਬਾਦਸ਼ਾਹ ਨੂੰ ਰਾਜਪੂਤਾਨੇ ਜਾਣਾ ਪੈ ਗਿਆ। ਗੁਰੂ ਸਾਹਿਬ ਵੀ ਉਸ ਦੇ ਨਾਲ ਗਏ। ਇਹ ਇਨ੍ਹਾਂ ਦੀ ਰਾਜਪੂਤਾਂ ਦੇ ਦੇਸ਼ ਵਿਚ ਦੂਜੀ ਯਾਤਰਾ ਸੀ। ਛੇਤੀ ਹੀ ਬਾਦਸ਼ਾਹ ਨੂੰ ਓਧਰੋਂ ਹੀ ਦੱਖਣ ਨੂੰ ਜਾਣਾ ਪੈ ਗਇਆ। ਗੁਰੂ ਸਾਹਿਬ ਉਸ ਦੇ ਨਾਲ ਨੰਦੇੜ ਤਕ ਗਏ ਜਿਹੜਾ ਗੋਦਾਵਰੀ ਨਦੀ ਦੇ ਕੰਢੇ ਤੇ ਇਕ ਬੜਾ ਰਮਣੀਕ ਸਥਾਨ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਇਥੇ ਪੁਜਿਆਂ ਹਾਲੀਂ ਥੋੜਾ ਹੀ ਚਿਰ ਹੋਇਆ ਸੀ ਕਿ ਇਕ ਪਠਾਨ ਨੇ ਵਿਸਾਹ-ਘਾਤ ਕਰਕੇ ਇਨ੍ਹਾਂ ਨੂੰ ਛੁਰੇ ਨਾਲ ਮਾਰ ਦਿਤਾ।

ਸਪਸ਼ਟ ਹੀ ਜਿੰਨਾ ਚਿਰ ਗੁਰੂ ਸਾਹਿਬ ਦੀਆਂ ਇਨ੍ਹਾਂ ਸਾਰੀਆਂ ਯਾਤਰਾਵਾਂ ਦਾ ਵੇਰਵੇ ਸਹਿਤ ਤੇ ਧਿਆਨ ਪੂਰਬਕ ਅਧਿਐਨ ਨਹੀਂ ਕੀਤਾ ਜਾਂਦਾ, ਇਨ੍ਹਾਂ ਦੀਆਂ ਸਮਸਿਆਵਾਂ, ਯਤਨਾਂ ਤੇ ਪ੍ਰਾਪਤੀਆਂ ਦਾ ਕੋਈ ਵਿਗਿਆਨਕ ਤੇ ਸੰਤੋਖਜਨਕ ਅਨੁਮਾਨ ਲਾਉਣਾ ਜਾਂ ਮੁਲਾਂਕਣ ਕਰਨਾ ਸੰਭਵ ਨਹੀਂ ਹੈ। ਹਾਲ ਵਿਚ ਹੀ ਇਨ੍ਹਾਂ ਦੀਆਂ ਕਈ ਜੀਵਨੀਆਂ ਲਿਖੀਆਂ ਗਈਆਂ ਹਨ ਜਿਹੜੀਆਂ ਆਪਣੇ ਢੰਗ-ਤ੍ਰੀਕੇ ਨਾਲ ਇਨ੍ਹਾਂ ਦੇ ਭਰਪੂਰ ਤੇ ਦੈਵੀ ਜੀਵਨ ਦੇ ਅੱਡ ਅੱਡ ਪੱਖਾਂ ਤੇ ਚਾਨਣਾ ਪਾਉਂਦੀਆਂ ਹਨ। ਪਰੰਤੂ ਉਨ੍ਹਾਂ ਸਭਨਾਂ ਦੇ ਰਾਹ ਵਿਚ ਇੱਕ ਵੱਡੀ ਔਕੜ ਇਹ ਰਹੀ ਹੈ ਕਿ ਗੁਰੂ ਸਾਹਿਬ ਦੇ ਸਫ਼ਰਾਂ ਦਾ ਕੋਈ ਵੀ ਵਿਗਿਆਨਕ ਤੇ ਭਰੋਸੇ ਯੋਗ ਵਰਣਨ ਨਹੀਂ ਮਿਲਦਾ।

ਇਹੋ ਕਾਰਣ ਸੀ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਜਨਮ ਉਤਸਵ ਸੰਬੰਧੀ ਵਿਉਂਤਾ ਤਿਆਰ ਕੀਤੀਆਂ ਜਾ ਰਹੀਆਂ ਸਨ, ਇਹ ਫੈਸਲਾ ਕੀਤਾ ਗਿਆ ਸੀ ਕਿ ਇਨ੍ਹਾਂ ਦੀਆਂ ਯਾਤਰਾਵਾਂ ਬਾਰੇ ਇਕ ਅਜੇਹੀ ਐਟਲਸ ਤਿਆਰ ਕੀਤੀ ਜਾਵੇ ਜਿਸ ਵਿੱਚ ਹਰ ਯਾਤਰਾ ਦਾ ਇਕ ਵੱਖਰਾ ਨਕਸ਼ਾ ਤੇ ਉਸ ਬਾਰੇ ਇਕ ਵੱਖਰਾ ਨੋਟ ਦਿਤਾ ਗਿਆ ਹੋਵੇ। ਫੈਸਲੇ ਤੋਂ ਤੁਰੰਤ ਬਾਅਦ ਇਹ ਕਾਰਜ ਅਰੰਭ ਦਿੱਤਾ ਗਿਆ ਸੀ। ਪਰੰਤੂ ਕਿਉਂਕਿ ਇਸ ਨੂੰ ਸਿਰੇ ਚਾੜ੍ਹਨ ਵਿਚ ਵਧੇਰੇ ਉੱਦਮ ਤੇ ਸੋਚ-ਵਿਚਾਰ ਦੀ ਲੋੜ ਸੀ, ਇਸ ਲਈ ਗੁਰੂ ਸਾਹਿਬ ਨਾਲ ਸੰਬੰਧਿਤ ਬਾਕੀ ਪੁਸਤਕਾਂ ਨਾਲ ਪ੍ਰਕਾਸ਼ਿਤ ਨਹੀਂ ਹੋ ਸਕੀ। ਪਰ ਹੈ ਇਹ ਉਸੇ ਹੀ ਲੜੀ ਵਿਚੋਂ। ਮੈਂ ਜਾਣਦਾ ਹਾਂ ਕਿ ਇਸ ਐਟਲਸ ਵਿਚ ਹਰ ਸੰਭਵ ਕੋਸ਼ਿਸ਼ ਦੇ ਬਾਵਜੂਦ ਕਈ ਊਣਤਾਈਆਂ ਰਹਿ ਗਈਆਂ ਹੋਣਗੀਆਂ, ਪਰ ਇਹ ਕੇਵਲ ਇਕ ਮਾਰਗ-ਦਰਸਾਊ ਯਤਨ ਹੈ ਅਤੇ ਅਜੇਹੇ ਜਤਨਾਂ ਵਿੱਚ, ਸੁਭਾਵਿਕ ਹੀ, ਪੂਰਣਤਾਈ ਨਹੀਂ ਹੋ ਸਕਦੀ।

 www.sikhbookclub.com

ਇਥੇ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਕ੍ਰਿਤ ਡਾ . ਗੰਡਾ ਸਿੰਘ, ਡਾ. ਫ਼ੌਜਾ ਸਿੰਘ, ਸ : ਮਿਹਰ ਸਿੰਘ ਗਿੱਲ ਤੇ ਸ : ਹਜ਼ਾਰਾ ਸਿੰਘ ਦੇ ਮਿਲਵੇਂ ਜਤਨਾਂ ਦਾ ਫ਼ਲ ਹੈ । ਇਸ ਲਈ ਇਨ੍ਹਾਂ ਸਭਨਾਂ ਦਾ ਮੈਂ ਦਿਲੋਂ ਧੰਨਵਾਦੀ ਹਾਂ ।

*26 ਜਨਵਰੀ, 1968*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

***ਕਿਰਪਾਲ ਸਿੰਘ ਨਾਰੰਗ***
ਵਾਈਸ ਚਾਂਸਲਰ


www.sikhbookclub.com

# INTRODUCTION

Geography is one of the basic and pre-eminent factors that effectively enter into historical processes. The sooner this truth is realised, the better it would be for the advancement of historical knowledge. Without a firm grasp of the inter-relationship of the two, many tangles of history would never be perfectly unravelled. An eminent historian Arnold Toynbee has explained the very rise and fall of civilzations in terms of this inter-relationship. Geography does not merely furnish the stage for the forces of history to operate on ; its role is far more extensive and vital. The actions of individuals as well as groups invariably bear its imprint in some form or the other. The physical frames of the people, as also their emotional responses, their economic preferences as well as their social attitudes are largely conditioned by it. Similarly, the economy as well as the political, cultural and commercial relations of a country with the outside world are to a large extent, shaped and moulded by the character of its frontiers, soil, climate and products. Even more significantly, what position a country ultimately holds in the comity of nations, would, in a vital sense hinges upon what geographical position it occupies in the physical world. This is, indeed, the main centre of interest and investigation, in what has recently came to be known as geopolitics.

The above remarks are applicable to all countries including India. But perhaps in respect of certain parts of India, say for instance the north-western region, the influence of terrestrial morphology will find very few parallels in the history of the world. Waves upon waves of people have come from outside and have enriched its composite culture, besides releasing new forces of history that have left their permanent mark on the growth of our people. It is indeed owing to differential and disparate influence of geography in different areas that we witness to-day such a complete diversity of cultures or modes of living.

What is true of countries or groups of people is also true of individuals, more particularly if they happen to be leaders of movements. For instance, it is not without significance that all the major belts of revolt against the heavy and galling yoke of Emperor Aurangzeb were seated in difficult hilly regions. One such revolt was led by Guru Gobind Singh. As he travelled widely and had an extensive field of operations, a detailed and comprehensive understanding of his movements, plans and battles is impossible without the aid of geography. A number of biographies have recently been attempted. They are good in so far as they go, but none of them fulfils the need of a scientific study which is still a great desideratum. The main reason for that is that the sovereign factor of geography has not so far been attended to with the care it rightly deserves. But geography in the case of Guru Gobind Singh is not merely a matter of biographical interest ; it is really the key to the understanding of all his plans and movements.

 www.sikhbookclub.com

It was long left that an atlas, based on sound historical and geographical data, should be prepared marking out on maps the travels or movements of Guru Gobind Singh. This need has now been fulfilled to some extent, although, to be sure, the present is a very humble step in that direction.

In the preparation of this work, all available sources have been consulted : for instance, *Gurtirath Sangrah* by Pandit Tara Singh Narotam, *Gurdham Sangrah* by Gyani Gyan Singh, *Gur Sobha* by Senapat and *Gurdware Darshan* by Gyani Thakur Singh. The historical data obtained thus has further been verified by consultation of the relevant survey of India maps for Bihar, U.P., Punjab, Himachal Pradesh, Haryana, Rajasthan and Maharashtra. Besides, several scholars knowledgeable about the subject have been consulted. Although every possible effort has been made to achieve accuracy, yet the margin of error cannot be ruled out, because the path is strewn with several difficulties. The accounts available to us are at times vague and inadequate, and at times absolutely silent. Moreover, a great deal of confusion has been created by spurious local tradition I mistakenly attributed to Guru Gobind Singh. All this requires considerably more sifting than has been possible for us.

All the same, what is claimed for this attempt is not perfection but a certain amount of pioneering. It is hoped that each new attempt hereafter will be an improvement upon its immediate predecessor.


## ACKNOWLEDGEMENTS

Our first and foremost thanks are due to the Vice-Chancellor, Sardar Kirpal Singh Narang, whose imagination, initiative, ungrudging help and continued encouragement literally made this work possible, in such a short time. Sardar Harbans Singh, formerly Registrar, Punjabi University, Dr. Ganda Singh, formerly Director, Punjab Historical Studies Department, Bhai Randhir Singh and S. Shamsher Singh Ashok have all contributed, in one form or the other, to the planning and success of the project. But it is S. Mehar Singh Gill who has shouldered the heaviest responsibility. All the maps that are being given here are the outcome of his diligent field-work and neat and skilful hand. The explanatory notes of the Atlas have been prepared by Dr. Fauja Singh, present Director, Punjab Historical Studies Department, in which task he has been ably assisted by S. Bhagat Singh, S. Mehar Singh Gill and many other members of the staff. Dr. Gurdev Singh, Professor and Head of the Department of Geography, Punjab University, Chandigarh also deserves our grateful thanks for providing laboratory facilities and general guidance in the matter. Last but not the least, our sincerest thanks are due to S. Hazara Singh, Production Officer of the University, who has designed it and looked after its printing.

*F. S. BAJWA*


 www.sikhbookclub.com

# ਭੂਮਿਕਾ

ਇਤਿਹਾਸਕ ਪ੍ਰਕਰਮਾਂ ਦੇ ਮੁੱਢਲੇ ਤੇ ਸ੍ਰੇਸ਼ਟ ਪ੍ਰਭਾਵੀ ਕਾਰਨਾਂ ਵਿਚੋਂ ਭੂਗੋਲ ਇੱਕ ਹੈ । ਇਸ ਸਚਾਈ ਨੂੰ ਜਿੰਨਾ ਛੇਤੀ ਸਮਝ ਲਇਆ ਜਾਏ ਉਨ੍ਹਾਂ ਹੀ ਇਤਿਹਾਸਕ ਗਿਆਨ ਦੇ ਵਾਧੇ ਲਈ ਚੰਗਾ ਹੈ । ਇਨ੍ਹਾਂ ਦੋਹਾਂ ਦੇ ਆਪਸੀ ਰਿਸ਼ਤੇ ਦੀ ਪੂਰੀ ਜਾਣਕਾਰੀ ਤੋਂ ਬਗੈਰ ਇਤਿਹਾਸ ਦੀਆਂ ਕਈ ਅੜਾਉਣੀਆਂ ਮੁਕੰਮਲ ਤੌਰ ਤੇ ਕਦੀ ਵੀ ਸੁਲਝਾਈਆਂ ਨਹੀਂ ਜਾ ਸਕਦੀਆਂ । ਪ੍ਰਸਿਧ ਇਤਿਹਾਸਕਾਰ ਆਰਨਲਡ ਤਾਇਨਬੀ ਨੇ ਇਸੇ ਆਪਸੀ ਸੰਬੰਧ ਦੀ ਦ੍ਰਿਸ਼ਟੀ ਤੋਂ ਹੀ ਸਭਿਆਤਾਵਾਂ ਦੇ ਉਤਾਰਾ ਚੜ੍ਹਾਵਾਂ ਦੀ ਵਿਆਖਿਆ ਕੀਤੀ ਹੈ । ਭੂਗੋਲ ਇਤਿਹਾਸਕ ਤਾਕਤਾਂ ਲਈ ਕੇਵਲ ਇੱਕ ਰੰਗਭੂਮੀ ਦਾ ਹੀ ਕੰਮ ਨਹੀਂ ਦਿੰਦਾ, ਇਸ ਦਾ ਪਾਰਟ ਕਿਤੇ ਵਧੇਰੇ ਵਿਸ਼ਾਲ ਤੇ ਮਹੱਤਵਪੂਰਣ ਹੈ । ਵਿਅਕਤਕ ਤੇ ਸਮੂਹਕ ਕਾਰਜਾਂ ਉਤੇ ਹਮੇਸ਼ਾਂ ਇਸ ਦੀ ਕਿਸੇ ਨ ਕਿਸੇ ਰੂਪ ਵਿੱਚ ਛਾਪ ਲੱਗੀ ਹੁੰਦੀ ਹੈ । ਲੋਕਾਂ ਦੀ ਸਰੀਰਕ ਬਣਤਰ, ਜਜ਼ਬਾਤੀ ਪ੍ਰਗਟਾਵੇ, ਆਰਥਿਕ ਵਿਸ਼ੇਸ਼ਤਾਵਾਂ ਅਤੇ ਸਮਾਜਕ ਵਤੀਰੇ ਆਦਿ ਸਭ ਬਹੁਤ ਹੱਦ ਤੱਕ ਇਸ ਦੁਆਰਾ ਉਸਾਰੇ ਜਾਂ ਘੜੇ ਜਾਂਦੇ ਹਨ । ਇਸੇ ਤਰ੍ਹਾਂ ਕਿਸੇ ਦੇਸ਼ ਦੇ ਬਾਹਰਲੀ ਦੁਨੀਆ ਨਾਲ ਆਰਥਿਕ, ਰਾਜਨੀਤਿਕ, ਸੰਸਕ੍ਰਿਤਕ ਸੰਬੰਧ ਕਾਫੀ ਹੱਦ ਤੱਕ ਉਸ ਦੀਆਂ ਹੱਦਾਂ, ਮਿੱਟੀ, ਜਲਵਾਯੂ ਤੇ ਉਤਪਾਦਾਂ ਦੀ ਦੇਣ ਹੁੰਦੇ ਹਨ । ਇਸ ਤੋਂ ਵੀ ਵਧੇਰੇ ਮਹੱਤਤਾ ਵਾਲੀ ਗੱਲ ਇਹ ਹੈ ਕਿ ਕਿਸੇ ਵੀ ਦੇਸ਼ ਦਾ ਕੌਮਾਂਤਰੀ ਭਾਈਚਾਰੇ ਵਿੱਚ ਵਿਸ਼ੇਸ਼ ਸਥਾਨ ਮੁੱਖ ਰੂਪ ਵਿਚ ਉਸ ਦੀ ਭੌਤਿਕ ਸੰਸਾਰ ਵਿਖੇ ਭੂਗੋਲਕ ਸਥਿਤੀ ਤੇ ਨਿਰਭਰ ਹੁੰਦਾ ਹੈ । ਇਹੋ ਕਾਰਣ ਹੈ ਕਿ ਇਹ ਹਾਲ ਦੇ ਕੁਝ ਸਾਲਾਂ ਵਿਚ ਪ੍ਰਚਲਿਤ ਹੋਈ ਭੂਰਾਜਨੀਤੀ ਦੇ ਪਿੜ ਵਿਖੇ ਰੋਚਕਤਾ ਤੇ ਖੋਜ ਦਾ ਮੁਖ ਕੇਂਦਰ ਬਣ ਗਿਆ ਹੈ ।

ਉਪਰਲੀ ਟਿੱਪਣੀ ਭਾਰਤ ਸਮੇਤ ਸਾਰੇ ਮੁਲਕਾਂ ਤੇ ਲਾਗੂ ਹੁੰਦੀ ਹੈ । ਪਰੰਤੂ ਭਾਰਤ ਦੇ ਕੁਝ ਭਾਗਾਂ, ਉਦਾਹਰਣ ਵਜੋਂ ਉੱਤਰ-ਪੱਛਮੀ ਖੰਡ, ਵਿਖੇ ਭੂਗੋਲ ਦਾ ਇਤਨਾ ਪ੍ਰਭਾਵ ਪਇਆ ਹੈ ਕਿ ਸੰਸਾਰ ਦੇ ਇਤਿਹਾਸ ਵਿੱਚ ਉਸ ਦੀਆਂ ਘੱਟ ਮਿਸਾਲਾਂ ਮਿਲਦੀਆਂ ਹਨ । ਬਾਹਰਲੇ ਇਲਾਕਿਆਂ ਤੋਂ ਵਹੀਰਾਂ ਪਰ ਵਹੀਰਾਂ ਆਉਂਦੀਆਂ ਰਹੀਆਂ ਜਿਨ੍ਹਾਂ ਨੇ ਸਾਡੀ ਮਿਸ਼੍ਰਿਤ ਸੰਸਕ੍ਰਿਤੀ ਨੂੰ ਅਮੀਰ ਬਣਾਉਣ ਤੋਂ ਇਲਾਵਾ ਇਤਿਹਾਸ ਦੀਆਂ ਨਵੀਆਂ ਸ਼ਕਤੀਆਂ ਨੂੰ ਜਨਮਿਆਂ, ਜਿਹੜੀਆਂ ਸਾਡੇ ਲੋਕਾਂ ਦੇ ਵਿਕਾਸ ਉੱਤੇ ਸਥਾਈ ਚਿੰਨ ਛੱਡ ਗਈਆਂ ਹਨ। ਵਾਸਤਵ ਵਿੱਚ ਇਹ ਵੱਖ ਵੱਖ ਇਲਾਕਿਆਂ ਵਿੱਚ ਭੂਗੋਲ ਦੇ ਭਿੰਨ ਭਿੰਨ ਤੇ ਅਸਮਾਨ ਪ੍ਰਭਾਵਾਂ ਦਾ ਸਿੱਟਾ ਹੈ ਕਿ ਸਾਨੂੰ ਅੱਜ ਸੰਸਾਰ ਵਿਚ ਸੰਸਕ੍ਰਿਤੀ ਜਾਂ ਰਹਿਣ ਸਹਿਣ ਦੇ ਢੰਗਾਂ ਦੀ ਇਤਨੀ ਜ਼ਿਆਦਾ ਭਿੰਨਤਾ ਮਿਲਦੀ ਹੈ ।

ਜੋ ਕੁਝ ਦੇਸ਼ਾਂ ਜਾਂ ਲੋਕਾਂ ਦੇ ਸਮੂਹਾਂ ਬਾਰੇ ਸੱਚ ਹੈ, ਉਹ ਅੱਡ ਅੱਡ ਵਿਅਕਤੀਆਂ ਲਈ ਵੀ ਲਾਗੂ ਹੁੰਦਾ ਹੈ, ਵਿਸ਼ੇਸ਼ ਕਰਕੇ ਜਦੋਂ ਉਹ ਤਹਿਰੀਕਾਂ ਜਾਂ ਅੰਦੋਲਨਾਂ ਦੇ ਆਗੂ ਹੋਣ । ਮਿਸਾਲ ਵਜੋਂ ਔਰੰਗਜ਼ੇਬ ਦੀ ਕਠੋਰ ਤੇ ਅਤਿਆਚਾਰੀ ਹਕੂਮਤ ਵਿਰੁਧ ਸਾਰੀਆਂ ਬਗਾਵਤਾਂ ਦਾ ਕਠਿਨ ਪਹਾੜੀ ਪ੍ਰਦੇਸ਼ਾਂ ਵਿਚ ਆਰੰਭ ਹੋਣਾ ਮਹੱਤਤਾ ਤੋਂ ਖਾਲੀ ਨਹੀਂ । ਅਜੇਹੇ ਇਕ ਵਿਦ੍ਰੋਹ ਦੇ ਆਗੂ ਗੁਰੂ ਗੋਬਿੰਦ ਸਿੰਘ ਜੀ ਸਨ । ਕਿਉਂਕਿ ਉਨ੍ਹਾਂ ਬਹੁਤ ਦੂਰ ਤੱਕ ਪੈਂਡਾ ਕੀਤਾ ਅਤੇ ਉਨ੍ਹਾਂ ਦਾ ਸੰਗਰਾਮ-ਖੇਤਰ ਬੜਾ ਵਿਸ਼ਾਲ ਸੀ, ਇਸ ਲਈ ਭੂਗੋਲ ਦੀ ਮਦਦ ਤੋਂ ਬਿਨਾਂ ਉਨ੍ਹਾਂ ਦੇ ਪੈਂਡਿਆਂ, ਯੋਜਨਾਵਾਂ ਤੇ ਲੜਾਈਆਂ ਨੂੰ ਵਿਸਤਾਰ ਪੂਰਵਕ ਸਮਝਣਾ ਅਸੰਭਵ ਹੈ । ਹਾਲ ਦੇ ਸਮੇਂ ਵਿਚ ਉਨ੍ਹਾਂ ਦੀਆਂ ਕਈ ਜੀਵਨੀਆਂ ਲਿਖੀਆਂ ਗਈਆਂ ਹਨ । ਜਿਥੋਂ ਤੱਕ ਉਨ੍ਹਾਂ ਦੇ ਲਿਖੇ ਜਾਣ ਦਾ ਸੰਬੰਧ ਹੈ, ਉਹ ਚੰਗੀਆਂ ਹਨ, ਪ੍ਰੰਤੂ ਉਨ੍ਹਾਂ ਵਿਚੋਂ ਕੋਈ ਵੀ ਵਿਗਿਆਨਕ ਅਧਿਐਨ ਦੀ ਲੋੜ ਪੂਰੀ ਨਹੀਂ ਕਰਦੀ ਜਿਸ ਦੀ ਅਜੇ ਬੜੀ ਲੋੜ ਹੈ । ਇਸ ਦਾ ਮੁੱਖ ਕਾਰਣ ਇਹ ਹੈ ਕਿ ਭੂਗੋਲ ਦੇ ਸਿਰਤਾਜ ਕਾਰਣ ਵੱਲ ਅਜੇ ਤਕ ਉਚਿਤ ਧਿਆਨ ਨਹੀਂ ਦਿੱਤਾ ਗਿਆ ਹੈ । ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਸੰਬੰਧ ਵਿਚ ਭੂਗੋਲ ਕੇਵਲ ਜੀਵਨੀ ਬਾਰੇ ਹੀ ਦਿੱਲ - ਚਸਪੀ ਦਾ ਵਿਸ਼ਾ ਨਹੀਂ, ਸਗੋਂ ਇਹ ਉਨ੍ਹਾਂ ਦੀਆਂ ਸਾਰੀਆਂ ਯੋਜਨਾਵਾਂ ਤੇ ਪੈਂਡਿਆਂ ਨੂੰ ਸਮਝਣ ਲਈ ਵੀ ਬਹੁਤ ਜ਼ਰੂਰੀ ਹੈ ।

ਇਕ ਲੰਮੇ ਸਮੇਂ ਤੋਂ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਠੀਕ ਇਤਿਹਾਸਕ ਤੇ ਭੂਗੋਲਕ ਸਮੱਗਰੀ ਤੇ ਆਧਾਰਿਤ ਇੱਕ ਐਟਲਸ ਬਣਾਈ ਜਾਵੇ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰਾਂ ਅਤੇ ਪੈਂਡਿਆਂ ਨੂੰ ਦਿਖਾਇਆ ਗਿਆ ਹੋਵੇ । ਇਹ ਲੋੜ ਹੁਣ ਕਿਸੇ ਹੱਦ ਤੱਕ ਪੂਰੀ ਹੋ ਗਈ ਹੈ, ਭਾਵੇਂ ਇਹ ਠੀਕ ਹੈ ਕਿ ਉਹ ਦਿਸ਼ਾ ਵਿਚ ਇਹ ਇੱਕ ਬੜਾ ਨਿਮਾਣਾ ਜਿਹਾ

ਹੀ ਕਦਮ ਹੈ ।

ਇਸ ਨੂੰ ਤਿਆਰ ਕਰਨ ਲਈ ਸਾਰੇ ਪ੍ਰਾਪਤ ਸੂਤਰਾਂ ਤੋਂ ਜਾਣਕਾਰੀ ਲਈ ਗਈ ਹੈ । ਉਦਾਹਰਣ ਵਜੋਂ : ਪੰਡਤ ਤਾਰਾ ਸਿੰਘ ਨਿਰੋਤਮ ਦੀ ਰਚਨਾ 'ਗੁਰਤੀਰਥ ਸੰਗ੍ਰਹਿ', ਗਿਆਨੀ ਗਿਆਨ ਸਿੰਘ ਦੀ ਕ੍ਰਿਤ 'ਗੁਰਧਾਮ ਸੰਗ੍ਰਹਿ', 'ਸੈਨਾਪਤ ਦੀ ਗੁਰ ਸੋਭਾ' ਅਤੇ ਗਿਆਨੀ ਠਾਕਰ ਸਿੰਘ ਦੀ ਰਚਨਾ 'ਗੁਰਦਵਾਰੇ ਦਰਸ਼ਨ' । ਇਸ ਤੋਂ ਇਲਾਵਾ ਇਸ ਵਿਸ਼ੇ ਤੋਂ ਜਾਣੂੰ ਕਈ ਵਿਦਵਾਨਾਂ ਦੀ ਸਲਾਹ ਲਈ ਗਈ ਹੈ । ਇੰਜ ਪ੍ਰਾਪਤ ਕੀਤੀ ਇਤਿਹਾਸਕ ਮੂਲ-ਸਮੱਗਰੀ ਦੀ ਪੜਤਾਲ ਸਰਵੇ ਆਫ ਇੰਡੀਆ ਦੇ ਬਿਹਾਰ, ਯੂ .ਪੀ .ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਮਹਾਰਾਸ਼ਟਰ ਦੇ ਨਕਸ਼ਿਆਂ ਤੋਂ ਕੀਤੀ ਗਈ ਹੈ । ਭਾਵੇਂ ਸ਼ੁਧਤਾ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਗਇਆ ਹੈ, ਪਰੰਤੂ ਇਸ ਨੂੰ ਗਲਤੀਆਂ ਤੋਂ ਬਿਲਕੁਲ ਮੁਕਤ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿਚ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਪ੍ਰਾਪਤ ਬ੍ਰਿਤਾਂਤ ਕਦੀ ਕਦੀ ਅਸਪਸ਼ਟ ਤੇ ਲੋੜ ਤੋਂ ਘੱਟ ਹੁੰਦੇ ਹਨ ਅਤੇ ਕਦੇ ਕਦੇ ਇਨ੍ਹਾਂ ਵਿਚ ਬਿਲਕੁਲ ਕੁਝ ਵੀ ਨਹੀਂ ਦੱਸਿਆ ਗਿਆ ਹੁੰਦਾ । ਇਸ ਤੋਂ ਬਿਨਾਂ ਸਥਾਨਕ ਪਰੰਪਰਾਵਾਂ ਨਾਲ ਕਾਫੀ ਰੋਲਾ-ਘਚੋਲਾ ਜਿਹਾ ਪੈ ਗਿਆ ਹੈ, ਕਿਉਂਕਿ ਉਨ੍ਹਾਂ ਨੂੰ ਗਲਤ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਿਆ ਹੋਇਆ ਹੈ । ਇਨ੍ਹਾਂ ਸਭਨਾਂ ਕਾਰਣਾਂ ਕਰਕੇ ਸਾਨੂੰ ਉਸ ਨਾਲੋਂ ਕਿਤੇ ਵਧੇਰੇ ਛਾਣ-ਬੀਣ ਦੀ ਲੋੜ ਹੈ ਜਿੰਨੀ ਕਿ ਸਾਡੇ ਲਈ ਸੰਭਵ ਸੀ । ਇਸ ਲਈ ਇਸ ਉਪਰਾਲੇ ਬਾਰੇ ਜੇ ਕੋਈ ਦਾਹਵਾ ਹੋ ਸਕਦਾ ਹੈ ਤਾਂ ਉਹ ਇਸ ਦੇ ਪੂਰਣ ਹੋਣ ਦਾ ਨਹੀਂ, ਸਗੋਂ ਕੇਵਲ ਕੁਝ ਹੱਦ ਤੀਕ ਇਸ ਦੇ ਮਾਰਗਦਰਸ਼ੀ ਹੋਣ ਦਾ ਹੈ । ਇਹ ਆਸ ਕੀਤੀ ਜਾਂਦੀ ਹੈ ਕਿ ਇਸ ਤੋਂ ਬਾਅਦ ਹਰ ਨਵੀਂ ਕੋਸ਼ਿਸ਼ ਪਿਛਲੀਆਂ ਕੋਸ਼ਿਸ਼ਾ ਨਾਲੋਂ ਚੰਗੇਰੀ ਹੋਵੇਗੀ ।

ਅੰਤ ਵਿਚ ਅਸੀਂ ਉਨ੍ਹਾਂ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਦੀ ਸਹਾਇਤਾ ਤੇ ਸਹਿਯੋਗ ਨਾਲ ਇਸ ਮਹਾਨ ਕਾਰਜ ਦੀ ਸਿਧੀ ਹੋ ਸਕੀ ਹੈ । ਸਭ ਤੋਂ ਪਹਿਲਾਂ ਅਸੀਂ ਸਰਦਾਰ ਕਿਰਪਾਲ ਸਿੰਘ ਜੀ ਨਾਰੰਗ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਿਣੀ ਹਾਂ ਜਿਨ੍ਹਾਂ ਦੀ ਕਲਪਨਾ ਸ਼ਕਤੀ, ਅਗਵਾਈ, ਅਟੁੱਟ ਸਹਾਇਤਾ ਤੇ ਪ੍ਰੋਤਸਾਹਨ ਕਰਕੇ ਇੱਡਾ ਵੱਡਾ ਕਾਰਜ ਇੰਨੇ ਥੋੜੇ ਸਮੇਂ ਵਿਚ ਸਿਰੇ ਚੜ੍ਹ ਸਕਿਆ ਹੈ । ਸਰਦਾਰ ਹਰਬੰਸ ਸਿੰਘ, ਪਿਛਲੇ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਡਾ. ਗੰਡਾ ਸਿੰਘ, ਪਿਛਲੇ ਡਾਇਰੈਕਟਰ ਪੰਜਾਬ ਹਿਸਟਾਰੀਕਲ ਸਟੱਡੀਜ਼ ਡੀਪਾਰਟਮੈਂਟ, ਭਾਈ ਰਣਧੀਰ ਸਿੰਘ ਤੇ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ, ਸਾਰਿਆਂ ਨੇ ਹੀ ਇਸ ਪ੍ਰਾਜੈਕਟ ਦੀ ਵਿਉਂਤਬੰਦੀ ਅਤੇ ਸਫਲਤਾ ਲਈ ਕਿਸੇ ਨ ਕਿਸੇ ਰੂਪ ਵਿਚ ਹਿੱਸਾ ਪਾਇਆ ਹੈ । ਪਰੰਤੂ ਸਭ ਤੋਂ ਵੱਡੀ ਜ਼ੁੰਮੇਵਾਰੀ ਸਰਦਾਰ ਮਿਹਰ ਸਿੰਘ ਗਿੱਲ ਨੇ ਸੰਭਾਲੀ । ਜਿੰਨੇ ਵੀ ਨਕਸ਼ੇ ਇਥੇ ਪੇਸ਼ ਕੀਤੇ ਜਾ ਰਹੇ ਹਨ, ਇਹ ਗਿੱਲ ਜੀ ਦੇ ਕਰੜੇ ਖੇਤਰ ਕਾਰਜ (ਫੀਲਡ ਵਰਕ) ਅਤੇ ਸੁਚੱਜੀ ਕਲਾ-ਕੁਸ਼ਲਤਾ ਦੇ ਸਦਕੇ ਹੀ ਤਿਆਰ ਹੋਏ ਹਨ । ਐਟਲਸ ਵਿੱਚ ਦਿੱਤੇ ਹੋਏ ਵਰਣਨਾਤਮਕ ਨੋਟ ਪੰਜਾਬ ਹਿਸਟਾਰੀਕਲ ਸਟੱਡੀਜ਼ ਡੀਪਾਰਟਮੈਂਟ ਦੇ ਮੌਜੂਦਾ ਡਾਇਰੈਕਟਰ ਡਾ. ਫੌਜਾ ਸਿੰਘ ਨੇ ਲਿਖੇ ਹਨ । ਇਸ ਕੰਮ ਵਿਚ ਸਰਦਾਰ ਭਗਤ ਸਿੰਘ, ਸਰਦਾਰ ਮਿਹਰ ਸਿੰਘ ਗਿੱਲ ਤੇ ਸਟਾਫ਼ ਦੇ ਹੋਰ ਕਈ ਮੈਂਬਰਾਂ ਨੇ ਉਨ੍ਹਾਂ ਨੂੰ ਬੜੀ ਯੋਗ ਸਹਾਇਤਾ ਦਿੱਤੀ ਹੈ । ਡਾਕਟਰ ਗੁਰਦੇਵ ਸਿੰਘ, ਪ੍ਰੋਫੈਸਰ ਅਤੇ ਹੈੱਡ ਭੂਗੋਲ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵੀ ਅਸੀਂ ਧੰਨਵਾਦੀ ਹਾਂ, ਉਨ੍ਹਾਂ ਨੇ ਲਬਾਰਿਟਰੀ ਦੀਆਂ ਸਹੂਲਤਾਂ ਤੇ ਆਮ ਅਗਵਾਈ ਨਾਲ ਸਾਡੀ ਬੜੀ ਸਹਾਇਤਾ ਕੀਤੀ ਹੈ । ਅੰਤ ਵਿਚ, ਪਰੰਤੂ ਵਿਸ਼ੇਸ਼ ਰੂਪ ਵਿਚ, ਅਸੀਂ ਸਰਦਾਰ ਹਜ਼ਾਰਾ ਸਿੰਘ, ਪ੍ਰੋਡਕਸ਼ਨ ਆਫ਼ੀਸਰ, ਪੰਜਾਬੀ ਯੂਨੀਵਰਸਿਟੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਨੂੰ ਛਪਵਾਉਣ ਤੇ ਇਸ ਦੇ ਡੀਜ਼ਾਇਨ ਬਣਵਾਉਣ ਦਾ ਸਾਰਾ ਪ੍ਰਬੰਧ ਕੀਤਾ ਹੈ ।

***ਫੌਜਾ ਸਿੰਘ***

 www.sikhbookclub.com

# Important Places Connected With Guru Gobind Singh's Life

Guru Gobind Singh travelled widely. He was born in Bihar, functioned in the Punjab and passed away in the Deccan. Naturally, a large number of places in Bihar, U.P., Punjab, Shiwalik Hills, Rajasthan and Maharashtra etc. are directly connected with him. The first important place bearing close association with him was Patna, his birth place. Here, he spent the first five and a half years of his childhood. When he set out for Anandpur alongwith his mother, grand-mother and maternal uncle, he visited, on the way, several important places like Jaunpur, Benaras, Mirzapur, Allahabad, Ajudhya, Lucknow, Mathura, Pilibhit, Nanakmata, Hardwar, Lakhnaur, Rupar and Kiratpur. After a few years' stay at Anandpur, he proceeded to Nahan and set up his residence at Paonta. From there, he paid a visit to Dehra Dun after the death of Ram Rai, elder son of Guru Har Rai. On his way back from Paonta, he visited Kapal Mochan, Sadhaura, Rupar and Kiratpur. When, in 1690 he fought a battle at Nadaun, he had to travel as far north as the left bank of the Beas and visited all places lying along the route of his march. Nirmoh, Basoli and Kamlot are also connected with him on account of the stiff resistance he offered to the enemy at these places. The banks of the Sutlej were his favourite resort during his stay at Anandpur, where he composed many of his famous literary works. Bhabor is noted as the spot where he composed his *Bainti Chaupai.* Guru Ka Lahore is said to be the place where his marriage with Mata Jito was solemnised. In one of his journeys from Anandpur he visited Kurukshetra. On the way back he is said to have visited Chamkaur and several other places. When driven out from Anandpur in 1705, he came to Chamkaur for the second time. From there, he moved on into the heart of the Malwa. Here, he spent several months and in the course of his wanderings passed through several places like Machhiwara, Alamgir, Dina, Kot Kapura and Khidrana (now Muktsar). Ultimately, he settled down at Sabo Ki Talwandi for several months engaging himself in cultural and organisational activities. From here he set out for Ahmadnagar in the Deccan, where he had been called by the dying Emperor Aurangzeb for a personal interview. He had travelled as far south as Baghor when the news of the Emperor's death came in. Upon this he turned towards Delhi. After a few days' stay at Delhi, he proceeded to Agra to meet the new Emperor, Bahadur Shah, after his victory of Jajau. When the Emperor later on set out to suppress some up risings in Rajasthan, the Guru decided to go with him, as his talks with him were still inconclusive. In the company of the Emperor the Guru visited Amber (modern Jaipur), Ajmer, Merta and Pushkar. After some time Bahadur Shah heard of his brother Kam Baksh's powerful bid in the Daccan to



 www.sikhbookclub.com

become Emperor. Bahadur Shah immediately left for the Deccan. The Guru, too, accompanied him and on the way visited several other places like Chitorgarh, Udaipur, Burhanpur and Hingoli till he reached Nander on the bank of the Godawari. This was the last place associated with him, for he breathed his last here.

*Map No. 2*

# From Patna to Allahabad

Patna, ancient Pataliputra, tracing its origin back to the pre-Mauryan days,was the place where Guru Gobind Singh was born, by common belief, in December, 1666. This historic event took place during his parents tour of East India. The father, Guru Tegh Bahadur, had proceeded further on his mission to visit the historical Sikh Sangats of Bengal and Assam. Before doing that he had left the family of Patna, enjoining upon the local Sikhs to look after his people.

Again by common belief, the Guru spent the first five and a half years of his childhood at Patna and even received his early education there. There he had his first lessons in Bihari and Punjabi and took great delight in playing martial games, organising boat races, arranging mock fights and rewarding the winners. Even as a child, he made a deep mark upon his playmates, rather upon the people of Patna at large, particularly Pandit Shiv Dutt and Raja Fateh Chand and his wife.

On his way back from Assam. Guru Tegh Bahadur paid a visit to the family at Patna, but almost immediately left for the Punjab, anxious as he was to reach there as soon as possible, asking his people to follow.

The family, too, left Patna in March, 1671, having formulated a programme of visiting all places of interest on the way. After some days they reached Danapur, a place 14 miles from Patna. It was here that the Patna Sangat, who had accompanied the family to bid farewell, took their leave. There stands a Gurdwara there, called Handi Di Sangat, which has been built in memory of a cooking pot in which an old devoted lady of the place cooked meals for (Guru) Gobind Singh and the party. From Danapur the party moved towards the Ganges and after crossing it reached Chapra. From there they recrossed the river and went to Arrah, wherefrom they proceeded to Dumrao and Buxar. To reach Buxar they had to cross the Ganges again. After visiting Buxar they recrossed the river in order to be able to visit Sasram. From Sasram they set out for Benaras and on the way passed by Mughal Sarai and Chhota Mirzapur. This was the fifth time the party had to cross the Ganges. Jaunpur, which lay to the north of Benaras, was visited on the way. This was the place where Bhai Gurdas had preached the gospel of Sikhism and had established a Sangat. There stands now a Gurdwara called Sangat Mardang Wali. The tradition has it that the child Guru bestowed a mardang, a musical instrument, upon one Bhai Gurbux Singh, a Masand or Sikh missionary of the place. From Jaunpur the party left for Benaras where they stayed for about three days in a garden which is now known as Guru Ka Bagh. From Benaras they made a bee-line westward for Allahabad, another great Hindu Tirath (place of pilgrimage) of U.P.



www.sikhbookclub.com

## Allahabad to Bhanu Khera

At Allahabad or more precisely Paryag, (Guru) Gobind Singh and the party spent quite a few days. This was considered, as it is even now, as one of the most sacred spots of North India. It was at Treveni, the confluence point of rivers Ganges, Jamuna and the mythical Saraswati, that the child Guru had been conceived and it was to this place that the family now returned to pay their respects. About 80 miles to the north of Allahabad and on the banks of the river Sarjoo, was situated the famous city of Ajudhya, the birth place of Lord Rama. The party left Allahabad, crossed the Ganges for the 7th time and reached Ajudhya where there is a gurdwara commemorating the visit of Guru Gobind Singh. From there they proceeded to Lucknow en route Pilibhit and Nanakmata. According to another tradition, they advanced from Lucknow to Mathura and Bindraban via Kanpur, Brahmavarat, Bathoor and Agra.Incidently, this was their 8th crossing of the Ganges. After visiting Mathura, they set out for Pilibhit via Bareilly after crossing the Ganges for the 9th time. From Pilibhit they proceeded to Nanakmata which before Guru Nanak's visit was known as Gorakhmata and was reported to be a great centre of Yogis. From Nanakmata they set out for Hardwar via Ramnagar. Here they crossed the Ganges for the 10th time. After a few days' stay at Hardwar, the party left for Lakhnaur via Santalpur and Drazpur. Near Saharanpur they crossed the Jamuna, perhaps for the third time.

The party reached Lakhnaur propably towards the end of the Year 1671. Lakhnaur, now in the Ambala District and situated at a distance of 7 miles from Ambala City, was the original home of Mata Gujri and her brother Kirpal, mother and maternal uncle respectively of Guru Gobind Singh. The place is marked by the Presence of a splendid Gurdwara which enshrines some of the sacred relics of the Holy Family. At This place the family had to stay for several months on account of protracted and heavy rains. Here Sayads Bhikhan Shah and Arif Deen callled upon the child Guru and paid their homage to him. The tradition has it that Bhikhan Shah on this occasion recognised in the child Gobind Rai the great leader of the future and asked him several questions in the manner of a mystic, which were all answered by the child to his entire satisfaction. After the rains were over, it was decided that the Holy Family should proceed to Anandpur. Soon after, they set out via Bhanu Kheri and Ambala.

*MAP No. 4*

## From Bhanu Kheri to Anandpur

After a short stay at Bhanu Kheri, the Holy Family left for Anandpur (then known as Makhowal). For a day they stopped at Ambala and then resumed their journey via Qabulpur, Harpalpur and Kutha Kheri, which all lay between Ambala and Rajpura to the west of the modern G.T. Road joining the two places. From Kutha

Kheri they made a bee-line for Rupar, visiting on the way places like Nandpur, Kalaur and Kotla Nihang. From Rupar they set out for Kiratpur. They crossed the Sirsa Nadi on the way and arrived at Kiratpur where Baba Suraj Mal, second son of Guru Har Gobind, was living. Baba Suraj Mal was an uncle of the child Gobind Singh. He and the members of his family were immensely pleased to receive the child and the party. Anandpur, the abode of Guru Teg Bahadur, was now only five miles off. After staying at Kiratpur for a couple of days, the family left for Anandpur, where they were received amidst great rejoicings. The party reached Anandpur, according to the tradition, some time in February, 1672. By that time the child had attained the age of six.

*MAP NO.5*

# Places Visited by Guru Gobind Singh While At Anandpur

From the beginning of 1672 to the end of 1705 Guru Gobind Singh was mainly at Anandpur which was so named by him after his victory of Bhangani, with, of course, a few gaps interspersed in between. Anandpur was the principal arena of his activities. He gradually developed it into a popular and strong Sikh centre by supplementing its great natural strength with the erection of a ring of fortresses all around the place. During his long stay here he had several opportunities of going out and visiting prominent places of the neighbouring areas. Quite early, on the occasion of a Baisakhi fair, he went to Rawalsar (now in mandi district) to see the sacred tank there. There is a raised paltform on a bank of the tank, which commemorates the Guru's visit to the place. In October, 1684, Guru Gobind Singh left Anandpur for Nahan at the invitation of its ruler Medni Prakash./ On the way, he visited a number of places of which the names of Toda, Rupar and Kiratpur are noteworthy. After a short stay at Nahan, the Guru proceeded to Paonta (present Paonta Sahib), a place on the western bank of the Jamuna. He soon developed it into a stronghold which he intended to convert, for the time being at least, into a centre of his activities, particularly literary and cultural. It was from here that he went to Dehra Dun to condole the death of Ram Rai with his widow, Punjab Kaur. After the battle of Bhangani, he returned to Anandpur. On the way back he visited the famous Hindu Tirath (place of pilgrimage), Kapal Mochan, (8 miles north of Jagadhri), Toka and Sadhaura, the last-named being the headquarters of Pir Budhu Shah and his family and disciples. The Pir, as the tradition goes, had rendered invaluable services to the Guru at the battle of Bhangani. For these services, it is said, the Pir was given a *hukamnama* and a comb (with some of his hair in it) by way of souvenir.

A little more than a year later, the Guru had to go out to Nadaun where he fought against a Mughal invader alongside of some Hindu chiefs like Bhim Chand of Bilaspur. Nadaun was situated on the left bank of the river Beas about twenty miles to the north of Anandpur. After the victory, the Guru holidayed for about ten

days on the bank of the river before leaving for home.

Several years later, the Guru had to leave Anandpur, temporarily, under pressure from the hill chiefs. From Anandpur, he first went to Nirmoh, a place between Kiratpur and Anandpur. After a heroic action there, in which he had the upper hand, he crossed the Sutlej and went to the state of Basoli, some miles to the north-west of Anandpur. However, after a short time, he was able to return to Anandpur. Not long after, he undertook a tour during which he visited Kurukshetra and Chamkaur and according to some, even Talwandi Sabo and the Lakhi Jungle near Bhatinda.

*MAP No. 6*

## Battles of Guru Gobind Singh

Guru Gobind singh's brief span of life was so much packed with events that he seldom knew any respite. His mission was to save the good and destroy the evil. For this he had to prepare his people militarily, morally and emotionally. This brought him into comflict with all those who did not approve of his patriotic activities. The result was a large number of battles. His first battle was fought at Bhangani in September, 1688-a place about 6 miles to the north of Paonta. The fight was against Raja Fateh Shah of Srinagar (Garhwal) and his allies. The Guru won a great victory. But he did not take any territorial advantage of it and almost immediately returned to Anandpur. About a year and a half later, the Guru participated in the battle of Nadaun and helped Raja Bhim Chand and his allies to victory against the Mughal invader, Alif Khan. After this there was peace for several years. Towards the close of 1694, Dilawar Khan, the Faujdar of Kangra, despatched his son to attack Anandpur. But he achieved nothing. As soon as the Guru and his men learnt about it and turned out for resistance, the enemy lost nerve and fled away. Soon after in early 1695, Dilawar Khan ordered a far more formidable expedition under Hussain Khan. The Guru did not directly participate in the fighting against the invader, but his sympathies were with those who resisted him. The invader gained some initial successes, but was killed and his expedition also proved abortive. In 1696 came off the invasion of Mirza Beg, a nominee of Prince Muazzim. On this occasion again there was no battle in which the Guru had to fight. After 1699 a new series of battles ensued most of which were centred round Anandpur. The aggression came from the hill chiefs of the neighbourhood, particularly the Rajas of Kahlur and Hindur. Later on, the forces of the Mughal Faujdar of Sirhind also joined in at the request of the hill chiefs. On one occasion the Guru had to leave Anandpur and go to Nirmoh. At Nirmoh a surprise attack was made by the enemy, but it was successfully repulsed by the Guru. After this, he went to Basoli across the river Sutlej. Now the Gujars and Rangars of the village Kamlot became active against him. They were, however, badly defeated. Some time after, the Guru returned to Anandpur and from there went on a visit to Kurukshetra. While returning from there, he was suddenly attacked at Chamkaur. The attack, however, proved ineffective as the commander of the invading Mughal force was

so much impressed by the charismatic personality of the Guru that he gave up the very idea of attack. When the Guru returned to Anandpur, he was allowed no peace even there. The enemy once again laid siege to Anandpur. For a long time the Guru held out but was ultimately forced to leave it. When his people reached the banks of the sirsa, an enemy force suddenly overtook and attacked his rearguard. Ude Singh and his men met the brunt of the attack and enabled the Guru and many others to get across the river. But the enemy persisted in the pursuit. The next clash occurred at Chamkaur towards the end of 1705. His men were too few for the far superior strength of the enemy. So most of them perished there. However, the Guru and some of his close companions were able to pierce through the ranks of the enemy and to escape into the heart of Malwa. Still the enemy would not leave him alone. He was once again called upon to face an enemy challange at khidrana, now called Muktsar. Here he won a decisive victory which brought to an end the long series of battles he had been fighting all through.

*MAP No. 7*

## From Anandpur to Chamkaur

The final siegae of Anandpur dragged on for more than six months. That was the most terrible period for the besieged. The fort of Anandgarh was closely invested from all sides by the overwhelming enemy forces of the hill Rajas and the Mughal governor of Sirhind. All avenues of egress and ingress were stopped. These difficulties, formidable though, left the Guru undaunted, and he was ever for holding out. But all his people were not made of the same superior stern stuff. Therefore, he had to evacuate the place ultimately. This happened on the night of 20th December, 1705. A party of about 1500 Sikhs with Guru Gobind Singh at its head set out from Anandpur a little before midnight and passed through the ranks of the enemy under cover of darkness. About 500 of them were mounted, while the rest marched on foot. They passed by Nirmoh and Kiratpur on the way and reached the bank of the Sirsa stream, 12 miles from Anandpur, while yet it was dark. A grave problem now presented itself. Ahead of them was the Sirsa in spate ; from behind the enemy was rushing at full speed to overtake them. The enemy attack was actually delivered soon after. The rearguard of the Guru's force, however, stood the ground and met the brunt of the onslaught, thereby enabling the Guru and the people with him to breast the stormy waters of the Sirsa. A Number of them died in the attempt ; beside those who had also fallen in the military action with the enemy. So, when the Guru crossed the stream, his ranks were largely depleted. Moreover, the members of his own family had been scattered and for long he did not know what had become of them. With the residue of his party he resumed his onward march and reached Rupar via Ghanauli and Malakpur. Here the Pathans of the locality tried to intercept his advance by force. In the fighting that took place on this occasion, many people were killed and injured on both sides. After driving away the Pathans from his way, the Guru moved on and reached Bahman Majra via Kotla Nihang. It is difficult to say what plan he had in mind at this time or where he was heading for. But it seems

that finding his further progress blocked by the Mughal forces of Sirhind, he revised his plans here, for instead of going straight, he now moved westward to Bur Majra. At this place a newsreporter of the enemy identified him and reported the matter to the authorities. In all haste did the Guru, then, with the small number of people he had with him, proceed to Chamkaur, a place about 15 miles west of Rupar. It was here that the memorable saga of heroism was enacted on 22nd December, 1705.

*MAP NO. 8*

## From Chamkaur to Alamgir

For a whole day a whole host of the enemy was kept at bay by a small body of 40 determined veterans. When the night fell and enveloped the earth in its icy cold darkness, Guru Gobind Singh, under great pressure from his people, slipped out from Chamkaur through the ranks of the enemy. When he reached Jandsar, three kos away from Chamkaur, a local Gujar identified him and raised a cry, but to no effect. The Guru moved on and reached the village Behlolpur at a distance of three kos to the west. The event is marked by the erection of a gurdwara there, which is named Jhar Sahib. From here he proceeded to Poat, a place one and a half kos to the west of Behlopur and from there onward to Machhiwara at a distance of 4 kos to the west. It was now day light and the Guru, who had been travelling through the night all by himself, selected a safe place in a small garden outside Machhiwara to rest a little his fatigued limbs. While he was asleep, three of his devotees, Dharam Singh, Man Singh and Daya Singh, camp up and rejoined him. But the situation was fraught with great danger, as enemy parties were already searching out the area for him. Realizing this, one Golaba, an old Masand of Machhiwara, took the Guru and his three Sikhs to his residence, but soon the heart within him gave way. However, at this critical juncture, two Pathan horse-merchants of the place, named Nabi Khan and Ghani Khan, who were old acquaintances of the Guru, volunteered their services. With their help the Guru disguised himself as a Muslim fakir, while his three Sikhs masqueraded themselves as his attendants. The Guru was then seated on a cot and taken out of Machhiwara by the two Pathans and three Sikhs. The party moved southward and soon reached the village Lal which was about 5 kos from Machhiwara. A Muslim military officer, who was encamped there, had some doubts and made some searching enquires about the identity of the man on the cot. However, Nabi Khan and Ghani Khan satisfied him by saying that he was their *'Uch Ka Pir'* out on a visit to his disciples. The place is marked by a gurdwara called Gurusar. From there the party proceeded to Katani, one and a half kos from Lal, and from there moved on to Kenech, about five kos west of Katani, near Sanehwal. At Kanech, the Guru made an effort to change the cot for a horse, but the local Masand Fateh let him down. Then he advanced via Doraha and soon reached a village called Alamgir, situated at a distance of about 7 kos south of Ludhiana. Here one Naudha zamindar presented the Guru with a horse, so that he was now able to give up travelling by cot. He also cast away the blue robes of *'Uch Ka pir'* and bade good bye to the faithful Pathan Brothers after rewarding them suitably with a *'hukamname'* (letter of authority)

*MAP No.9*

# From Alamgir to Dina

From Alamgir Guru Gobind Singh advanced on horse-back in the direction of Jodhan and Mohi. After staying at Mohi for a short while, he resumed his journey and set out towards Raikot. At Siloani, the chief of Raikot, Kala Rai by name, waited upon him and asked him if he could render him any service. At the Guru's behest, he sent a man of his to Sirhind to fetch news about what had happened to the other members of the Guru's family. Not long after, the news of the tragedy enacted at Sirhind was delivered to him here. However, undaunted by the painful news, he soon resumed his march and reached a place known as Hehar. Here he stayed for two days as the guest of Mahant Kirpal Das, a hero of the battle of Bhangani (1688). The next stage in his journey was Lamba Jatpura, situated about 5 kos west of Hehar. The Guru stayed here for 3 days. Kala Rai of Raikot, who had been accompanying him all through this time, took leave and left for home at this place. From there the Guru proceeded to the village Chakar and after a brief stay there, advanced to Takhatpura, a place 6 kos west of Chakar. From Takhatupura he went forward to Dina via Mahadeoka. At Dina, about 7 kos south-west of Takhatpura, a devoted Sikh Rama presented the Guru with an excellent horse. The Guru accepted it for himself and gave his former horse to Bhai Daya Singh. The Guru's arrival here soon became known to the zamindars of the area, and they began to rally round him. Some of the influential people, who met him here, were Lakhmir and Samir, sons of Jodh Rai, and Param Singh and Dharam Singh, grandsons of Bhai Rup Chand. The Guru stayed here for some days and composed *Zafarnama*, a letter in Persian verse addressed to Emperor Aurangzeb. This letter was later taken to the Emperor by Bhai Daya Singh. The place where the Guru stayed is marked by the erection of a gurdwara, named Lohgarh. From Dina he occasionally went out and visited a few places of the neighbourhood. Two such places were Burj Manan and Bhadaur. The former was 2 kos south of Dina and the latter about 3 kos east of Burj Manan.

*MAP No. 10*

# Dina-Bhatinda Area

As in the case of Burj Manan and Bhadaur, Guru Gobind Singh made short trips from Dina to Dyalpura, about 3 kos in the south and to Pato about 4 kos in the north. While yet at Dina, he came to learn that his whereabouts had become known to the Mughal governor of Sirhind. From now onwards, he was most anxious to get hold of a suitable place where he could best meet the enemy's challenge ; no less was his keenness to inculcate in the minds of the people the spirit of *Dharam yudh*, war of righteousness. So he left Dina and began to move about in the countryside. First, he went to Jalal, a place about 3 kos from Dina. From there he moved westward and reached Dod, a place about 7 kos from Jalal. Next, he proceeded to a place called Bander or Wander, from where he moved on to Bargarhi about 3 kos west of

Bander. At this place Bhai Nand of Kapura waited upon him and rendered service to him and his people. Baihbal was the next place visited by him. A warm reception was extended to the visitors by the people here, and a large number of them joined him to meet the coming danger. From here the Guru went to Saravan about one kos west of Baihbal. This is also called Gurusar. Here the Guru gave his people a little practice in narrow-shooting. Next, he proceeded to Jaito about 4 kos south of Saravan and stayed there for 3 days. About 5 kos east of Jaito was Kotha Maluk Das, now called Kotha Guru. This was visited after Jaito and so was Lambhwali nearly 3 kos west of Kotha Maluk Das. From Lambhwali he made a dash to Kot Kapura situated 13 kos in the north. Probably, the pursuing enemy force had come too near by now. Chaudhari Kapura, a Barar Jat, was asked to lend the use of his fort to him for a few days. But fearing the wrath of the Mughals, he refused to oblige the Guru. So from there the Guru proceeded to Dhilwan Sodhian which was 3 kos east of Kot Kapura. Here one Kaul Sodhi, a relative of Guru Gobind Singh, received him with great warmth and cordiality. Chaudhari Kapura, probably now repentent for his earlier disgraceful refusal, came to see the Guru here and asked for his forgiveness. The Guru forgave him and asked him to give him a good guide who could help him in selecting a suitable site for battle against the Mughals. From Dhilwan the Guru made another dash and reached Ramiana about 10 kos in the south-western direction. Possibly, this did not appeal to him as a battle site. So immediately, he rushed towards Khidrana (now Muktsar) about 12 kos to the west. This place was ultimately chosen for the battle in the offing. The battle of Khidrana ended in a decisive victory for the Guru. After a stay of 10 days here, he moved southward and passed through Rupana, Bhunder and Thehri. In the course of his travels, he also paid brief visits to the villages Sarai and Fathu Sammu, not very far off from Khidrana.

*MAP No. 11*

## Bhatinda-Sirsa Area

Now the Guru was in the area of Bhatinda. From Thehri he moved on to Kalchirani, a place about 7 kos south-east of Thehri. From there he advanced northward and passing through Bambiha, Rohila and Jangirana proceeded to Bhai Ka Kot which had been founded by Bhai Bhagtu. From there he moved on to Sahib Chand and further on to Chhatiana. At Chhatiana the Brars, who had fought for him in the late battle, demanded the arrears of their pay under threat of blocking his onward march. From there he again proceeded to the south and reached Bachak, about 8 kos from Kot Bhai. He did not stay here, but marched further on to the south. He first went to Rohi which was about two kos south-west of Bachak. Then he went to Jassi Bagwalli, about 5 kos south of Bachak and from there to Pakka pind which was nearly 2 kos south-east of Jassi. About 10 kos from Pakka Pind was Talwandi Sabo where the Guru was accorded a most cordial reception by Bhai Dalla, the chief of the place. Guru Gobind Singh had a long stay here extending over several months, for which reason the place has come to be known as

Damdama Sahib, that is to say, the place of rest. Now this is recognised as the *Fifth Takhat* (seat of sovereignty) of the Sikhs. But the Guru put this period of rest to the best possible use. It was here that he gave final touches to the *Adi Granth,* reorganised his forces and created the order of the Nirmala Sikhs. There are several historic gurdwaras here in memory of the Guru's visit. While at Talwandi Sabo, the Guru made a number of trips to important places nearby. In one trip he visited Bhagi Bander 3 kos north of Talwandi Sabo, Kot Samir 3 kos further north and Chak Bhai Ka about 10 kos from Talwandi Sabo to the north. At the last-named place, the Guru was given a warm reception by Bhai Ram Singh, a grandson of Bhai Bhagtu. On another occasion he went to Bhatinda city and stayed there for seven days. While returning to Talwandi Sabo, he paid visits to Mahima and Bhokri, both of them situated to the north of Bhatinda. On some other occasions he visited Tala Pind about 10 kos east of Talwandi, Bhagu about the same distance to the north and Kewal about 7 kos to the south. At Kewal Chaudharis Rama and Tiloka waited upon him and got his blessings. Towards the end of the year 1706 he left for Sirsa on his way to the Deccan where he wanted to meet the Emperor Aurangzeb. he proceeded to Sirsa via Kewal, Jhorar (5 kos south of Kewal) and Jhanda (6 kos south of Jhorar). Sirsa was about 7 kos from Jhanda. Here he stayed for two days. Bhai Dalla Singh and Bhai Fateh Singh, who had accompanied the Guru up to this point, now left for their respective places.

*MAP No. 12*

## From Sirsa to Delhi

it is said that before starting on his onward journey Guru Gobind Singh made a dash to a place called Khural about 35 miles west of Sirsa to help one Gulab Singh who was being harassed by the Muslim population over there. After that he set out in the direction of Rajasthan en route Ahmadnagar where the Emperor was encamped. He passed through Haripur bye Tirath, Madhu Singhana and Nohar. The last-named was about 27 kos from Sirsa and was well known for its prosperity. From Nohar he proceeded to Bhadra about 18 kos east of Nohar. From Bhadra he wended his way to Sahewa, reputed for the strange phenomenon of a Peepal tree growing out of a jand tree-a phenomenon about which so many predictions have remained current in the past. From there he proceeded to Naraina via Churu. At Naraina was situated the principal Dera of the *Dadu Panthis.* The Guru paid a visit to this Dera and spent some time there in conversation with its Mahant Jait Ram.The inmates of the Dera accorded a warm reception to him and his people, but they were greatly struck by the princely manner of the Guru's life. Naraina is situated about three miles from Phulera Railway Station and was formerly in the jaipur State. From there he set out in south-easterly direction and passing through Rampura, about 80 kilometers from Bhadra, arrived at Kalot. It was here that Bhai Daya Singh came up from the south and joined him. From Kalot he marched straight to the south and reached Pushkar near Ajmer. After a brief stay there he resumed his journey shouthward. Ultimately, he reached Baghor in the state of Udaipur. It was situated on the left bank of the Kothari river, a tributary of the Banas, about 70 miles



 www.sikhbookclub.com

north-east of Udaipur. Here the attempt of some local people to bar the entry of Guru Gobind Singh into the town led to a slight skirmish in which the local people were defeated. At Baghor the news reached him that Aurangzeb had died and a war of succession had broken out among his sons. There was no point now in proceeding further. He continued to stay there for quite some time. When he heard about Prince Muazzim's march towards Delhi and Agra, he at once decided to give him his blessings. First, he sent Dharam Singh and a few other devoted Sikhs to see the Prince and assure him on his behalf of his moral support, and a little afterwards he himself set out by easy stages for Delhi which was about 300 miles from there. By the time he reached Delhi, Muazzim had advanced to Agra. The Guru, however, stayed on at Delhi for some time. The places connected with his visit here are today known as Moti Bagh and Damdama Sahib.

*MAP NO. 13*

# From Delhi to Chitorgarh

After hearing about Muazzim's victory at the battle of Jajau, Guru Gobind Singh left Delhi for Agra. On the way he visited Mathura and Brindaban. At Agra he took up his residence in a garden outside the city. Soon after, he was received in audience by Muazzim who had now proclaimed himself the Emperor of India, and a royal *robe of honour* of great value was conferred upon him. The Guru stayed here for about 4 months. He had come here for talks with the Emperor. These talks had not reached the conclusive stage when the Emperor left for Rajasthan with a view to suppressing the revolts that some discontented Rajput chiefs had raised. The Guru decided to accompany him. The Emperor immediately proceeded to Amber (modern Jaipur) via Bharatpur and Daosa. The Guru also followed the same route. From Amber the Guru along with the Emperor advanced to Ajmer via Dahmi, Madanganj and Kishangarh Emperor Bahadur Shah proceeded from Ajmer to Merta to put down the revolt there and then after achieving his object returned to Ajmer. The Guru, too, accompanied him during his advance and return marches. On this occasion he took the opportunity of visiting Pushkar where there is a Gobind Ghat (mistakenly pronounced as Go or Gau Ghat), still cherishing his memory. By now the news had reached Bahadur Shah that his younger brother Kam Baksh in the Deccan had proclaimed himself Emperor of India. Therefore, to put down that revolt Bahadur Shah hastened towards the Deccan via Chitorgarh. The Guru again decided to accompany him. They passed through Nasirabad, Bhilwara and Hamirgarh. At Chitorgarh, one of Guru Gobind Singh's sons (Zorawar Singh, son of a carpenter of Bassi Pathanan, who had been treated by the Guru as a son) died fighting in a chance fight that broke out between him and a party of the local guards. it appears that while at Chitorgarh he spared some time to pay a hurried visit to Udaipur where some belongings of his are still preserved as a souvenir of his visit.

*MAP No. 14*

# From Chitorgarh to Nander

From Chitorgarh the Guru along with Emperor Bahadur Shah left for Burhanpur *en route* Hyderabad (Deccan). Their way lay through Nimbahera, Nayagaon, Nimach, Mulhargar, Piplia, Mandasor, Ujjain and Indore. They crossed the Narmada about the middle of May, 1708 and the Tapti in the last week of June. The Guru stayed for many days at Burhanpur situated just across the Tapti. Commemorating his stay we have a gurdwara there called Mandir Hathi Singh. Yogi Jiwan Das of Burhanpur served the Guru with great devotion. Mahant Jait Ram of *Dadoo Dwara,* who just happened to be there at the time, also came to pay his homage to the Guru. Both the Yogi and the Mahant told the Guru of one Bairagi Madho Das and his great occult powers. The Guru at once made up his mind to meet him. According to some people, the Guru went from Burhanpur to Amravati situated 80 miles east of Burhanpur and from there proceeded to Hingoli via Balapur, Patur, and Malikpur. At Hingoli the Guru parted company with the Emperor and moved on to Nander which was reached in the beginning of September or towards the end of August, 1708. It was here that Guru Gobind Singh ended his most glorious and eventful career. The Guru took fancy to the place and chose to stay on here, while the Emperor moved on in the direction of Hyderabad. But not long afterwards, a hireling of Wazir Khan of Sirhind came to Nander and stabbed him to death. A beautiful gurdwara named Shri Hazur Abchal Nagar Sahib (also called Sachkhand Sahib) has been erected to mark this sacred spot. Besides this, the following eight historic gurdwaras are found there : Langar Sahib, Nagina Ghat, Banda Ghat, Mal Tekri,Sangat Sahib, Shikar Ghat, Hira Ghat and Mata Sahib Kaur. Nander constitutes one of the major *Takhats* of the Sikh community.

ਨਕਸ਼ਾ ਨੰ. 1

# ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਣ ਸਥਾਨ

ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦੂਰ ਤਕ ਸਫ਼ਰ ਕੀਤਾ। ਉਹ ਬਿਹਾਰ ਵਿੱਚ ਪੈਦਾ ਹੋਏ, ਪੰਜਾਬ ਵਿੱਚ ਉਨ੍ਹਾਂ ਨੇ ਕੰਮ ਕੀਤਾ ਅਤੇ ਦੱਖਣ ਵਿੱਚ ਉਹ ਜੋਤੀ ਜੋਤ ਸਮਾਏ। ਇਸ ਲਈ ਕੁਦਰਤੀ ਤੌਰ ਤੇ ਬਿਹਾਰ ਯੂ.ਪੀ., ਪੰਜਾਬ, ਸ਼ਿਵਾਲਕ ਪਹਾੜੀਆਂ, ਰਾਜਸਥਾਨ ਅਤੇ ਮਹਾਰਾਸ਼ਟਰ ਆਦਿ ਵਿੱਚ ਬਹੁਤ ਸਾਰੀਆਂ ਥਾਵਾਂ ਉਨ੍ਹਾਂ ਨਾਲ ਸਿਧੇ ਤੌਰ ਤੇ ਸੰਬੰਧਿਤ ਹਨ। ਪਹਿਲੀ ਮਹੱਤਵਪੂਰਣ ਥਾਂ ਉਨ੍ਹਾਂ ਦਾ ਜਨਮ-ਸਥਾਨ ਪਟਨਾ ਹੈ। ਇਥੇ ਉਨ੍ਹਾਂ ਨੇ ਆਪਣੇ ਬਚਪਨ ਦੇ ਪਹਿਲੇ ਸਾਢੇ ਪੰਜ ਸਾਲ ਗੁਜ਼ਾਰੇ। ਜਦ ਉਹ ਆਪਣੀ ਮਾਤਾ, ਦਾਦੀ ਅਤੇ ਮਾਮੇ ਨਾਲ ਆਨੰਦਪੁਰ ਲਈ ਚਲੇ ਤਾਂ ਉਹ ਕਈ ਪ੍ਰਸਿਧ ਸਥਾਨਾਂ ਦੇ ਵਿਚੋਂ ਦੀ ਲੰਘੇ : ਜਿਵੇਂ ਕਿ, ਜੌਨਪੁਰ, ਬਨਾਰਸ, ਮਿਰਜ਼ਾਪੁਰ, ਅਲਾਹਬਾਦ, ਅਯੁਧਿਆ, ਲਖਨਊ, ਮਥਰਾ, ਪੀਲੀਭੀਤ, ਨਾਨਕਮਤਾ, ਹਰਦੁਆਰ, ਲਖਨੌਰ, ਰੋਪੜ ਅਤੇ ਕੀਰਤਪੁਰ। ਕੁਝ ਸਾਲ ਆਨੰਦਪੁਰ ਠਹਿਰਣ ਮਗਰੋਂ ਆਪ ਨਾਹਨ ਰਾਜ ਵਿਚ ਚਲੇ ਗਏ ਅਤੇ ਪੌਂਟੇ ਵਿਚ ਆਪਣਾ ਨਿਵਾਸ-ਸਥਾਨ ਕਾਇਮ ਕੀਤਾ। ਉਥੋਂ ਆਪ ਗੁਰੂ ਹਰ ਰਾਏ ਦੇ ਵੱਡੇ ਪੁੱਤਰ ਰਾਮਰਾਏ ਦੀ ਮੌਤ ਮਗਰੋਂ ਡੇਹਰਾਦੂਨ ਗਏ। ਪੌਂਟਾ ਤੋਂ ਵਾਪਸੀ ਸਮੇਂ ਰਸਤੇ ਵਿਚ ਆਪ ਕਪਾਲਮੋਚਨ, ਸਢੌਰਾ, ਰੋਪੜ ਅਤੇ ਕੀਰਤਪੁਰ ਵੀ ਪਧਾਰੇ। ਜਦ 1690 ਈ. ਵਿਚ ਆਪ ਨੇ ਨਦੌਨ ਦੀ ਲੜਾਈ ਲੜੀ ਤਾਂ ਆਪ ਨੂੰ ਬਿਆਸ ਦੇ ਖੱਬੇ ਕੰਢੇ ਤੱਕ ਉੱਤਰ ਵੱਲ ਜਾਣਾ ਪਿਆ। ਇਸ ਮੌਕੇ ਤੇ ਉਨ੍ਹਾਂ ਨੇ ਉਹ ਸਭ ਥਾਵਾਂ ਵੇਖੀਆਂ ਜੋ ਉਨ੍ਹਾਂ ਦੇ ਰਾਹ ਵਿੱਚ ਆਈਆਂ। ਨਿਰਮੋਹ, ਬਸੋਲੀ ਅਤੇ ਕਮਲੋਟ ਵੀ ਆਪ ਨਾਲ ਸੰਬੰਧ ਰਖਦੇ ਹਨ, ਕਿਉਂਕਿ ਇਨ੍ਹਾਂ ਸਥਾਨਾਂ ਤੇ ਆਪ ਨੇ ਦੁਸ਼ਮਣ ਦਾ ਸਖ਼ਤ ਮੁਕਾਬਲਾ ਕੀਤਾ ਸੀ। ਆਨੰਦਪੁਰ ਠਹਿਰਣ ਦੇ ਸਮੇਂ ਸਤਲੁਜ ਦੇ ਕੰਢੇ ਦਾ ਇਲਾਕਾ ਉਨ੍ਹਾਂ ਦਾ ਮਨ-ਭਾਉਂਦਾ ਸਥਾਨ ਸੀ ਜਿਥੇ ਕਿ ਉਨ੍ਹਾਂ ਨੇ ਆਪਣੀਆਂ ਕਈ ਮਹੱਤਵਪੂਰਣ ਸਾਹਿਤਕ ਰਚਨਾਵਾਂ ਰਚੀਆਂ। ਭਬੌਰ ਦੇ ਸਥਾਨ ਤੇ ਉਨ੍ਹਾਂ ਨੇ 'ਬੇਨਤੀ ਚੌਪਈ' ਦੀ ਰਚਨਾ ਕੀਤੀ। ਗੁਰੂ ਕਾ ਲਾਹੌਰ ਉਹ ਸਥਾਨ ਹੈ ਜਿਥੇ ਕਿ ਆਪ ਦੀ ਸ਼ਾਦੀ ਮਾਤਾ ਜੀਤੋ ਨਾਲ ਹੋਈ। ਆਨੰਦਪੁਰ ਤੋਂ ਆਪਣੇ ਇੱਕ ਸਫ਼ਰ ਵਿੱਚ ਆਪ ਕੁਰਕਸ਼ੇਤਰ ਗਏ। ਵਾਪਸ ਆਉਂਦੇ ਹੋਏ ਆਪ ਚਮਕੌਰ ਅਤੇ ਕਈ ਹੋਰ ਸਥਾਨਾਂ ਤੇ ਵੀ ਪੁੱਜੇ। ਜਦ 1705 ਈ. ਵਿਚ ਆਪ ਨੂੰ ਆਨੰਦਪੁਰ ਤੋਂ ਸਦਾ ਲਈ ਵਿਛੜਣਾ ਪਇਆ ਤਾਂ ਆਪ ਦੂਜੀ ਵੇਰ ਚਮਕੌਰ ਆਏ। ਉਥੋਂ ਆਪ ਮਾਲਵੇ ਦੇ ਧੁਰ ਅੰਦਰ ਚਲੇ ਗਏ। ਇਥੇ ਆਪ ਨੇ ਕਈ ਮਹੀਨੇ ਗੁਜ਼ਾਰੇ ਅਤੇ ਇਸ ਫੇਰੀ ਦੇ ਦੌਰਾਨ ਆਪ ਬਹੁਤ ਸਾਰੇ ਸਥਾਨਾਂ ਵਿਚੋਂ ਦੀ ਗੁਜ਼ਰੇ ਜਿਵੇਂ : ਮਾਛੀਵਾੜਾ, ਆਲਮਗੀਰ, ਕੋਟ ਕਪੂਰਾ ਅਤੇ ਖਿਦਰਾਨਾ (ਮੁਕਤਸਰ)। ਅੰਤ ਵਿਚ ਆਪ ਕਈ ਮਹੀਨਿਆਂ ਲਈ ਸਾਬੋ ਕੀ ਤਲਵੰਡੀ ਵਿੱਚ ਜਮ ਗਏ ਜਿਥੇ ਕਿ ਆਪ ਸਦਾਚਾਰਕ ਅਤੇ ਪ੍ਰਬੰਧਕ ਸਰਗਰਮੀਆਂ ਵਿੱਚ ਰੁਝੇ ਰਹੇ। ਇਥੋਂ ਆਪ ਦੱਖਣ ਵਲ ਅਹਮਦਨਗਰ ਲਈ ਚੱਲ ਪਏ ਜਿਥੇ ਕਿ ਮਰਨ ਕਿਨਾਰੇ ਪਹੁੰਚੇ ਬਾਦਸ਼ਾਹ ਔਰੰਗਜ਼ੇਬ ਨੇ ਆਪ ਨੂੰ ਨਿੱਜੀ ਮੁਲਾਕਾਤ ਲਈ ਬੁਲਾਇਆ ਸੀ। ਜਦੋਂ ਆਪ ਬਘੌਰ ਵਿਖੇ ਪੁੱਜੇ ਤਾਂ ਆਪ ਨੂੰ ਬਾਦਸ਼ਾਹ ਦੀ ਮੌਤ ਦੀ ਖ਼ਬਰ ਮਿਲੀ। ਇਹ ਸੁਣ ਕੇ ਆਪ ਦਿੱਲੀ ਵੱਲ ਨੂੰ ਮੁੜ ਪਏ। ਕੁਝ ਦਿਨ ਦਿੱਲੀ ਠਹਿਰਣ ਮਗਰੋਂ ਆਪ ਆਗਰੇ ਵਲ ਨਵੇਂ ਬਾਦਸ਼ਾਹ ਬਹਾਦਰਸ਼ਾਹ ਨੂੰ ਮਿਲਣ ਲਈ ਚੱਲ ਪਏ, ਜੋ ਕਿ ਜਾਜੂ ਦੀ ਜਿੱਤ ਮਗਰੋਂ ਤਖ਼ਤ ਤੇ ਬੈਠ ਗਿਆ ਸੀ। ਜਦ ਕੁਝ ਸਮਾਂ ਮਗਰੋਂ ਬਾਦਸ਼ਾਹ ਰਾਜਸਥਾਨ ਵਿੱਚ ਕੁਝ ਬਗ਼ਾਵਤਾਂ ਨੂੰ ਦਬਾਉਣ ਲਈ ਚਲਿਆ ਤਾਂ ਗੁਰੂ ਜੀ ਨੇ ਵੀ ਉਸ ਨਾਲ ਜਾਣ ਦਾ ਫੈਸਲਾ ਕੀਤਾ, ਕਿਉਂਕਿ ਉਸ ਨਾਲ ਹੋ ਰਹੀ ਉਨ੍ਹਾਂ ਦੀ ਗੱਲ ਬਾਤ ਹਾਲੇ ਅਧੂਰੀ ਸੀ। ਬਾਦਸ਼ਾਹ ਦੇ ਨਾਲ ਗੁਰੂ ਜੀ ਅੰਬੇਰ (ਅੱਜ ਕਲ ਦਾ ਜੈਪੁਰ), ਅਜਮੇਰ, ਮੇੜਤਾ ਅਤੇ ਪੁਸ਼ਕਰ ਗਏ। ਥੋੜੇ ਸਮੇਂ ਮਗਰੋਂ ਬਹਾਦਰਸ਼ਾਹ ਨੂੰ ਆਪਣੇ ਭਰਾ ਕਾਮ ਬਖਸ਼ ਦੀ ਦੱਖਣ ਵਿੱਚ ਇੱਕ ਸ਼ਕਤੀਸ਼ਾਲੀ ਬਗ਼ਾਵਤ ਦੀ ਖ਼ਬਰ ਮਿਲੀ। ਬਹਾਦਰਸ਼ਾਹ ਇੱਕ ਦਮ ਦੱਖਣ ਵੱਲ ਨੂੰ ਚੱਲ ਪਿਆ। ਗੁਰੂ ਜੀ ਭੀ ਉਸ ਨਾਲ ਗਏ ਅਤੇ ਰਸਤੇ ਵਿਚ ਬਹੁਤ ਸਾਰੀਆਂ ਹੋਰ ਥਾਵਾਂ ਤੇ ਪਧਾਰੇ, ਜਿਵੇਂ : ਚਿਤੌੜਗੜ੍ਹ, ਉਦੈਪੁਰ, ਬੁਰਹਾਨਪੁਰ ਅਤੇ ਹਿੰਗੋਲੀ। ਅੰਤ ਵਿਚ ਉਹ ਗੋਦਾਵਰੀ ਦੇ ਕੰਢੇ ਤੇ ਨੰਦੇੜ ਵਿਖੇ ਪੁੱਜ ਗਏ। ਇਹ ਉਨ੍ਹਾਂ ਦੀ ਜੀਵਨ-ਯਾਤਰਾ ਨਾਲ ਸੰਬੰਧ ਰੱਖਣ ਵਾਲਾ ਅੰਤਿਮ ਸਥਾਨ ਸੀ, ਕਿਉਂਕਿ ਇੱਥੇ ਕੁਝ ਦਿਨਾਂ ਮਗਰੋਂ ਹੀ ਉਨ੍ਹਾਂ ਦੀ ਮ੍ਰਿਤੂ ਹੋ ਗਈ।

ਨਕਸ਼ਾ ਨੰ. 2

# ਪਟਨਾ ਤੋਂ ਅਲਾਹਾਬਾਦ

ਪਟਨਾ, ਪ੍ਰਾਚੀਨ ਪਾਟਲੀਪੁਤਰ ਵਿਖੇ ਜਿਸ ਦਾ ਮੁੱਢ ਪੂਰਵ-ਮੌਰੀਆ ਸਮਿਆਂ ਵਿਚ ਬੱਝਾ ਸੀ, ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਆਮ ਖ਼ਿਆਲ ਅਨੁਸਾਰ ਦਸੰਬਰ, 1666 ਈ. ਨੂੰ ਹੋਇਆ। ਇਹ ਇਤਿਹਾਸਿਕ ਘਟਨਾ ਆਪ ਦੇ ਮਾਪਿਆਂ ਦੇ ਪੂਰਬੀ ਭਾਰਤ ਦੇ ਦੌਰੇ ਸਮੇਂ ਵਾਪਰੀ। ਪਿਤਾ ਗੁਰੂ ਤੇਗ਼ ਬਹਾਦੁਰ ਸਾਹਿਬ ਆਪਣੇ ਮਿਸ਼ਨ ਲਈ ਬੰਗਾਲ ਅਤੇ ਆਸਾਮ ਦੀਆਂ ਇਤਿਹਾਸਿਕ ਸਿੱਖ ਸੰਗਤਾਂ ਨੂੰ ਮਿਲਣ ਲਈ ਅਗੇਰੇ ਚਲੇ ਗਏ। ਪਰ ਚੱਲਣ ਤੋਂ ਪਹਿਲਾਂ ਉਹ ਸਥਾਨਕ ਸਿੱਖਾਂ ਨੂੰ ਦੇਖਭਾਲ ਦਾ ਹੁਕਮ ਦੇ ਕੇ ਆਪਣੇ ਪਰਿਵਾਰ ਨੂੰ ਪਟਨੇ ਵਿਚ ਹੀ ਛੱਡ ਗਏ ਸਨ।

ਪ੍ਰਚਲਿਤ ਵਿਚਾਰ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਪਨ ਦੇ ਪਹਿਲੇ ਸਾਢੇ ਪੰਜ ਸਾਲ ਪਟਨੇ ਵਿੱਚ ਹੀ ਗੁਜ਼ਾਰੇ ਅਤੇ ਆਪਣੀ ਮੁੱਢਲੀ ਵਿਦਿਆ ਵੀ ਇਥੇ ਹੀ ਪ੍ਰਾਪਤ ਕੀਤੀ। ਇਥੇ ਹੀ ਆਪ ਨੇ ਬਿਹਾਰੀ ਅਤੇ ਪੰਜਾਬੀ ਦੇ ਪਹਿਲੇ ਪਾਠ ਅਧਿਐਨ ਕੀਤੇ ਅਤੇ ਛੌਂਜੀ ਖੇਲਾਂ ਖੇਲ ਕੇ, ਬੇੜੀਆਂ ਦੀਆਂ ਦੌੜਾ ਕਰਾ ਕੇ, ਝੂਠੀਆਂ ਲੜਾਈਆਂ ਰਚ ਕੇ ਅਤੇ ਜੇਤੂਆਂ ਨੂੰ ਇਨਾਮ ਦੇ ਕੇ ਬੜੀਆਂ ਖੁਸ਼ੀਆਂ ਮਾਣੀਆਂ। ਬੱਚੇ ਹੁੰਦੇ ਹੋਏ ਵੀ ਉਨ੍ਹਾਂ ਨੇ ਆਪਣੇ ਸਾਥੀਆਂ ਤੇ ਡੂੰਘਾ ਅਸਰ ਪਾਇਆ, ਸਗੋਂ ਕਿਸੇ ਹੱਦ ਤਕ ਪਟਨੇ ਦੇ ਆਮ ਲੋਕਾਂ ਨੂੰ ਵੀ ਪ੍ਰਭਾਵਿਤ ਕੀਤਾ, ਖ਼ਾਸ ਕਰਕੇ ਪੰਡਿਤ ਸ਼ਿਵ ਦੱਤ ਅਤੇ ਰਾਜਾ ਫ਼ਤਿਹ ਚੰਦ ਅਤੇ ਉਸ ਦੀ ਰਾਣੀ ਨੂੰ।

ਗੁਰੂ ਤੇਗ਼ ਬਹਾਦੁਰ ਸਾਹਿਬ ਆਸਾਮ ਤੋਂ ਵਾਪਸ ਆਉਂਦੇ ਹੋਏ ਆਪਣੇ ਟੱਬਰ ਕੋਲ ਪਟਨੇ ਵਿਖੇ ਆਏ, ਪਰ ਉਹ ਜਲਦੀ ਹੀ ਪੰਜਾਬ ਲਈ ਰਵਾਨਾ ਹੋ ਗਏ, ਜਿਥੇ ਉਹ ਜਲਦੀ ਤੋਂ ਜਲਦੀ ਪਹੁੰਚਣ ਦੇ ਚਾਹਵਾਨ ਸਨ। ਜਾਂਦੇ ਹੋਏ ਉਹ ਪਰਿਵਾਰ ਦੇ ਜੀਆਂ ਨੂੰ ਮਗਰੇ ਮਗਰ ਆਉਣ ਦੀ ਆਗਿਆ ਕਰ ਗਏ।

ਪਰਿਵਾਰ ਨੇ ਵੀ ਰਾਹ ਵਿਚ ਮਹੱਤਵਪੂਰਣ ਅਸਥਾਨਾਂ ਦੀ ਯਾਤ੍ਰਾ ਕਰਨ ਦਾ ਪ੍ਰੋਗਰਾਮ ਬਣਾ ਕੇ ਮਾਰਚ, 1671 ਵਿੱਚ ਪਟਨੇ ਤੋਂ ਕੂਚ ਕਰ ਦਿਤਾ। ਕੁਝ ਦਿਨਾਂ ਮਗਰੋਂ ਉਹ ਪਟਨੇ ਤੋਂ 14 ਮੀਲ ਦੂਰ ਇਕ ਥਾਂ ਦਾਨਾਪੁਰ ਵਿਖੇ ਪੁੱਜੇ। ਇਹ ਉਹ ਥਾਂ ਸੀ ਜਿਥੋਂ ਕਿ ਪਟਨੇ ਦੀ ਸੰਗਤ, ਜੋ ਪਰਿਵਾਰ ਨੂੰ ਵਿਦਾ ਕਰਨ ਲਈ ਨਾਲ ਆਈ ਸੀ, ਵਾਪਸ ਮੁੜੀ। ਇਸ ਥਾਂ ਤੇ ਇਕ ਗੁਰਦੁਆਰਾ ਹੈ ਜਿਸ ਨੂੰ ਕਿ **ਹਾਂਡੀ ਦੀ ਸੰਗਤ** ਕਹਿੰਦੇ ਹਨ। ਇਹ ਇਕ ਹਾਂਡੀ ਦੀ ਯਾਦਗਾਰ ਵਿਚ ਉਸਾਰਿਆ ਗਿਆ ਹੈ ਜਿਸ ਵਿੱਚ ਕਿ ਇਕ ਸ਼੍ਰਧਾਲੂ ਬੁੱਢੀ ਮਾਂ ਨੇ ਬਾਲ ਗੁਰੂ ਅਤੇ ਉਨ੍ਹਾਂ ਦੇ ਜੱਥੇ ਨੂੰ ਖਾਣਾ ਬਣਾ ਕੇ ਖਵਾਇਆ ਸੀ। ਦਾਨਾਪੁਰ ਤੋਂ ਜੱਥਾ ਗੰਗਾ ਵਲ ਨੂੰ ਗਇਆ ਅਤੇ ਇਸ ਨੂੰ ਪਾਰ ਕਰ ਕੇ ਛਪਰਾ ਪਹੁੰਚੇ। ਉਥੋਂ ਉਹ ਦੁਬਾਰਾ ਦਰਿਆ ਪਾਰ ਕਰ ਕੇ ਆਰਾ ਪਹੁੰਚੇ, ਜਿਥੋਂ ਉਹ ਦੁਮਰਾਓ ਅਤੇ ਬਕਸਰ ਗਏ। ਬਕਸਰ ਪਹੁੰਚਣ ਲਈ ਉਨ੍ਹਾਂ ਨੂੰ ਫਿਰ ਗੰਗਾ ਪਾਰ ਕਰਨੀ ਪਈ। ਬਕਸਰ ਪੁੱਜਣ ਤੋਂ ਮਗਰੋਂ ਜਦੋਂ ਉਹ ਸਸਰਾਮ ਵਲ ਚਲੇ ਤਾਂ ਉਨ੍ਹਾਂ ਨੂੰ ਇਕ ਵਾਰ ਫਿਰ ਦਰਿਆ ਪਾਰ ਕਰਨਾ ਪਇਆ। ਸਸਰਾਮ ਤੋਂ ਮਗਰੋਂ ਉਹ ਬਨਾਰਸ ਲਈ ਰਵਾਨਾ ਹੋ ਗਏ ਅਤੇ ਰਾਹ ਵਿਚ ਮੁਗ਼ਲ ਸਰਾਇ ਅਤੇ ਛੋਟਾ ਮਿਰਜ਼ਾਪੁਰ ਵਿਚੋਂ ਦੀ ਗੁਜ਼ਰੇ। ਇਹ ਪੰਜਵੀਂ ਵੇਰ ਸੀ ਕਿ ਜੱਥੇ ਨੂੰ ਗੰਗਾ ਪਾਰ ਕਰਨੀ ਪਈ। ਰਾਹ ਵਿਚ ਉਹ ਜੌਨਪੁਰ ਵੀ ਗਏ, ਜੋ ਬਨਾਰਸ ਦੇ ਉੱਤਰ ਵਿੱਚ ਹੈ। ਇਹ ਉਹ ਜਗ੍ਹਾ ਸੀ ਜਿਥੇ ਕਿ ਭਾਈ ਗੁਰਦਾਸ ਜੀ ਨੇ ਸਿੱਖ ਮੱਤ ਦੇ ਅਸੂਲਾਂ ਦਾ ਪ੍ਰਚਾਰ ਕੀਤਾ ਅਤੇ ਇੱਕ ਸਿੱਖ ਸੰਗਤ ਦੀ ਸਥਾਪਨਾ ਕੀਤੀ ਸੀ। ਇਸ ਵੇਲੇ ਉਥੇ ਇਕ ਧਰਮਸਾਲਾ ਹੈ ਜਿਸ ਨੂੰ **ਸੰਗਤ ਮਿਰਦੰਗ ਵਾਲੀ** ਕਹਿੰਦੇ ਹਨ। ਇਹ ਰਵਾਇਤ ਹੈ ਕਿ ਬਾਲ ਗੁਰੂ ਜੀ ਨੇ ਇਥੋਂ ਦੇ ਇੱਕ ਮਸੰਦ ਜਾਂ ਸਿੱਖ ਪ੍ਰਚਾਰਕ ਭਾਈ ਗੁਰਬਖਸ਼ ਸਿੰਘ ਨੂੰ ਇੱਕ ਮਿਰਦੰਗ ਪ੍ਰਦਾਨ ਕੀਤੀ ਸੀ। ਜੌਨਪੁਰ ਤੋਂ ਇਹ ਬਨਾਰਸ ਲਈ ਰਵਾਨਾ ਹੋਏ ਜਿਥੇ ਕਿ ਉਹ ਇੱਕ ਬਾਗ ਵਿਚ ਤਕਰੀਬਨ ਤਿੰਨ ਦਿਨ ਲਈ ਠਹਿਰੇ, ਜਿਸਨੂੰ ਹੁਣ ਗੁਰੂ ਕਾ ਬਾਗ ਕਹਿੰਦੇ ਹਨ। ਬਨਾਰਸ ਤੋਂ ਉਹ ਸਿੱਧੇ ਅਲਾਹਬਾਦ ਲਈ ਪੱਛਮ ਵੱਲ ਨੂੰ ਚੱਲ ਪਏ ਜੋ ਕਿ ਯੂ.ਪੀ. ਵਿੱਚ ਹਿੰਦੂਆਂ ਦਾ ਇਕ ਬਹੁਤ ਵੱਡਾ ਤੀਰਥ ਹੈ।



 www.sikhbookclub.com

ਨਕਸ਼ਾ ਨੰ. 3

# ਅਲਾਹਾਬਾਦ ਤੋਂ ਭਾਨੂੰ ਖੇੜੀ

ਬਾਲ ਗੋਬਿੰਦ ਰਾਏ ਤੇ ਉਨ੍ਹਾਂ ਦੇ ਪਰਿਵਾਰ ਨੇ ਕੁਝ ਦਿਨ ਅਲਾਹਾਬਾਦ ਜਾਂ ਪ੍ਰਯਾਗ ਵਿਖੇ ਬਿਤਾਏ। ਪ੍ਰਯਾਗ ਉਸ ਵੇਲੇ, ਜਿਸ ਤਰ੍ਹਾਂ ਕਿ ਅੱਜ ਕਲ ਵੀ ਹੈ, ਉੱਤਰੀ ਭਾਰਤ ਦੇ ਸਭ ਤੋਂ ਪਵਿੱਤਰ ਸਥਾਨਾਂ ਵਿਚ ਗਿਣਿਆ ਜਾਂਦਾ ਸੀ। ਤ੍ਰਿਵੈਣੀ ਦੇ ਸਥਾਨ ਤੇ,ਜਿਥੇ ਕਿ ਗੰਗਾ, ਜਮਨਾ ਅਤੇ ਮਿਥਿਹਾਸਿਕ ਸਰਸਵਤੀ ਦਾ ਸੰਗਮ ਹੈ, ਗੁਰੂ ਜੀ ਦਾ ਪ੍ਰਕਾਸ਼ ਹੋਇਆ ਸੀ। ਪਾਵਨ ਪਰਿਵਾਰ ਨੇ ਇਸ ਪਵਿੱਤਰ ਸਥਾਨ ਦੀ ਮੁੜ ਯਾਤ੍ਰਾ ਕੀਤੀ। ਅਲਾਹਾਬਾਦ ਤੋਂ ਲਗ ਪਗ 80 ਮੀਲ ਉੱਤਰ ਵੱਲ ਅਤੇ ਦਰਿਆ ਸੂਰਜ ਦੇ ਕੰਢੇ ਤੇ ਪ੍ਰਸਿੱਧ ਸ਼ਹਿਰ ਅਯੁੱਧਿਆ ਸਥਾਪਿਤ ਹੈ। ਇਹ ਭਗਵਾਨ ਰਾਮ ਦਾ ਜਨਮ ਸਥਾਨ ਹੈ, ਪਾਵਨ ਪਰਿਵਾਰ ਅਲਾਹਾਬਾਦ ਤੋਂ ਚੱਲ ਪਿਆ ਅਤੇ ਸੱਤਵੀਂ ਵੇਰ ਗੰਗਾ ਨੂੰ ਪਾਰ ਕਰ ਕੇ ਅਯੁੱਧਿਆ ਪਹੁੰਚਿਆ ਜਿਥੇ ਕਿ ਗੁਰੂ ਗੋਬਿੰਦ ਸਿੰਘ ਦੀ ਯਾਦਗਾਰ ਵਿੱਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਇਥੋਂ ਉਹ ਲਖਨਊ ਦੇ ਰਸਤਿਉਂ ਪੀਲੀਭੀਤ ਤੇ ਨਾਨਕਮਤੇ ਵੱਲ ਨੂੰ ਚੱਲ ਪਏ। ਇਕ ਹੋਰ ਰਵਾਇਤ ਅਨੁਸਾਰ ਉਹ ਲਖਨਊ ਤੋਂ ਕਾਨਪੁਰ, ਬ੍ਰਹਮਵਰਤ, ਬਠੂਰ ਅਤੇ ਆਗਰਾ ਦੇ ਰਾਹੀਂ ਮਥਰਾ ਤੇ ਬਿੰਦਰਾਬਨ ਵੱਲ ਨੂੰ ਗਏ। ਇਹ ਉਨ੍ਹਾਂ ਦਾ ਅੱਠਵੀਂ ਵਾਰ ਗੰਗਾ ਨੂੰ ਪਾਰ ਕਰਨਾ ਸੀ। ਮਥਰਾ ਦੀ ਯਾਤ੍ਰਾ ਪਿਛੋਂ ਉਹ ਬਰੇਲੀ ਰਾਹੀਂ ਗੰਗਾ ਨੂੰ ਨੌਵੀਂ ਵਾਰ ਪਾਰ ਕਰ ਕੇ ਪੀਲੀਭੀਤ ਵੱਲ ਚੱਲ ਪਏ। ਪੀਲੀਭੀਤ ਤੋਂ ਉਹ ਨਾਨਕ-ਮਤੇ ਵਲ ਵਧੇ ਜੋ ਕਿ ਗੁਰੂ ਨਾਨਕ ਦੇ ਉਥੇ ਆਉਣ ਤੋਂ ਪਹਿਲਾਂ ਗੋਰਖਮਤਾ ਅਖਵਾਉਂਦਾ ਸੀ ਅਤੇ ਯੋਗੀਆਂ ਦਾ ਇੱਕ ਵੱਡਾ ਕੇਂਦਰ ਮੰਨਿਆ ਜਾਂਦਾ ਸੀ। ਨਾਨਕਮਤੇ ਤੋਂ ਉਹ ਰਾਮਨਗਰ ਦੇ ਰਾਹ ਹਰਦਵਾਰ ਲਈ ਰਵਾਨਾ ਹੋਏ। ਇਥੇ ਉਨ੍ਹਾਂ ਗੰਗਾ ਨੂੰ ਦਸਵੀਂ ਵਾਰ ਪਾਰ ਕੀਤਾ। ਕੁੱਝ ਦਿਨ ਹਰਦਵਾਰ ਠਹਿਰਣ ਮਗਰੋਂ ਉਹ ਸੰਤਾਲਪੁਰ ਅਤੇ ਦਰਾਜ਼ਪੁਰ ਦੇ ਰਾਹੀਂ ਲਖਨੌਰ ਨੂੰ ਚਲ ਪਏ। ਸਹਾਰਨਪੁਰ ਦੇ ਨੇੜੇ ਉਨ੍ਹਾਂ ਨੇ ਜਮਨਾ ਨੂੰ ਸ਼ਾਇਦ ਤੀਜੀ ਵਾਰ ਪਾਰ ਕੀਤਾ।

ਇਹ ਪਾਵਨ ਜੱਥਾ 1671 ਈ. ਦੇ ਲਗ ਭਗ ਅਖ਼ੀਰ ਦੇ ਲਖਨੌਰ ਪਹੁੰਚਿਆ ਜੋ ਕਿ ਅੱਜ ਕਲ ਅੰਬਾਲਾ ਜ਼ਿਲੇ ਵਿੱਚ ਹੈ ਅਤੇ ਅੰਬਾਲਾ ਸ਼ਹਿਰ ਤੋਂ ਸੱਤ ਮੀਲ ਦੀ ਵਿੱਥ ਤੇ ਹੈ। ਇਥੇ ਮਾਤਾ ਗੁਜਰੀ ਅਤੇ ਉਨ੍ਹਾਂ ਦੇ ਭਰਾ ਕ੍ਰਿਪਾਲ ਦਾ ਮੁੱਢਲਾ ਘਰ ਸੀ। ਇਸ ਜਗ੍ਹਾ ਤੇ ਹੁਣ ਇੱਕ ਸ਼ਾਨਦਾਰ ਗੁਰਦੁਆਰਾ ਉਸਾਰਿਆ ਗਇਆ ਹੈ ਜਿਸ ਵਿੱਚ ਇਸ ਪਵਿੱਤਰ ਪਰਿਵਾਰ ਦੀਆਂ ਕਈ ਪੁਰਾਣੀਆਂ ਯਾਦਗਾਰਾਂ ਸੰਭਾਲੀਆਂ ਹੋਈਆਂ ਹਨ। ਇਸ ਸਥਾਨ ਤੇ ਇਨ੍ਹਾਂ ਨੂੰ ਲਗਾਤਾਰ ਅਤੇ ਭਾਰੀ ਮੀਂਹ ਦੇ ਕਾਰਣ ਕਈ ਮਹੀਨਿਆਂ ਵਾਸਤੇ ਠਹਿਰਣਾ ਪਇਆ। ਇਸ ਜਗ੍ਹਾ ਤੇ ਸੱਯਦ ਭੀਖਨਸ਼ਾਹ ਅਤੇ ਆਰਿਫ ਦੀਨ ਬਾਲ ਗੁਰੂ ਦੇ ਦਰਸ਼ਨਾਂ ਲਈ ਆਏ ਅਤੇ ਉਨ੍ਹਾਂ ਨੇ ਉਸ ਨੂੰ ਆਪਣੀਆਂ ਸ਼੍ਰਧਾਂਜਲੀਆਂ ਭੇਂਟ ਕੀਤੀਆਂ। ਰਵਾਇਤ ਹੈ ਕਿ ਇਸ ਮੌਕੇ ਤੇ ਭੀਖਨਸ਼ਾਹ ਨੇ ਬਾਲ ਗੋਬਿੰਦ ਰਾਏ ਵਿਚ ਭਵਿੱਖ ਦੀ ਮਹਾਨਤਾ ਦੇ ਚਿੰਨ੍ਹ ਵੇਖੇ ਅਤੇ ਰਹੱਸਵਾਦੀ ਤੌਰ ਤੇ ਕਈ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਵਿੱਚ ਬਾਲ ਗੁਰੂ ਨੇ ਉਸ ਦੀ ਪੂਰਣ ਤਸੱਲੀ ਕਰਵਾ ਦਿੱਤੀ। ਬਰਸਾਤਾਂ ਤੋਂ ਮਗਰੋਂ ਇਹ ਫ਼ੈਸਲਾ ਹੋਇਆ ਕਿ ਪਰਿਵਾਰ ਨੂੰ ਹੁਣ ਆਨੰਦਪੁਰ ਜਾਣਾ ਚਾਹੀਦਾ ਹੈ। ਇਸ ਲਈ ਉਹ ਜਲਦੀ ਹੀ ਮਗਰੋਂ ਭਾਨੂੰ ਖੇੜੀ ਅਤੇ ਅੰਬਾਲਾ ਦੇ ਰਾਹੀਂ ਅਗਰੇ ਚੱਲ ਪਏ। ਲਖਨੌਰ ਵਿੱਚ ਰਹਿੰਦਿਆਂ ਉਨ੍ਹਾਂ ਨੇ ਅੰਬਾਲੇ ਦੇ ਨੇੜੇ ਦੇ ਕਈ ਸਥਾਨਾਂ ਦੀ ਸੈਰ ਕੀਤੀ ਜਿਨ੍ਹਾਂ ਵਿਚੋਂ ਭਾਨੂੰ ਖੇੜੀ ਦਾ ਨਾਂ ਵਰਣਨ ਯੋਗ ਹੈ।

ਨਕਸ਼ਾ ਨੰ. 4

# ਭਾਨੂੰ ਖੇੜੀ ਤੋਂ ਆਨੰਦਪੁਰ

ਭਾਨੂੰ ਖੇੜੀ ਵਿਚ ਕੁਝ ਚਿਰ ਠਹਿਰਣ ਮਗਰੋਂ ਇਹ ਪਾਵਨ ਪਰਿਵਾਰ ਆਨੰਦਪੁਰ ਲਈ (ਜਿਸ ਨੂੰ ਉਦੋਂ ਮਾਖੋਵਾਲ ਕਿਹਾ ਜਾਂਦਾ ਸੀ ) ਚੱਲ ਪਿਆ। ਇੱਕ ਦਿਨ ਲਈ ਉਨ੍ਹਾਂ ਅੰਬਾਲੇ ਪੜਾਉ ਕੀਤਾ ਤੇ ਫਿਰ ਕਬੂਲਪੁਰ, ਹਰਪਾਲਪੁਰ ਤੇ ਕੁਥਾ ਖੇੜੀ ਰਾਹੀਂ ਸਫ਼ਰ ਸ਼ੁਰੂ ਕੀਤਾ, ਜਿਹੜੇ ਸਾਰੇ ਅੰਬਾਲਾ ਤੇ ਰਾਜਪੁਰਾ ਨੂੰ ਮਿਲਾਉਣ ਵਾਲੀ ਜਰਨੈਲੀ ਸੜਕ ਦੇ ਪੱਛਮ ਵੱਲ ਸਥਿਤ ਹਨ। ਕੁਥਾ ਖੇੜੀ ਤੋਂ ਉਹ ਆਨੰਦਪੁਰ, ਕਲੌੜ ਤੇ ਕੋਟਲਾ ਨਿਹੰਗ ਵਰਗੀਆਂ ਥਾਵਾਂ 'ਚੋਂ ਦੀ ਹੁੰਦੇ ਹੋਏ ਰੋਪੜ ਪਹੁੰਚੇ। ਰੋਪੜ ਤੋਂ ਉਹ ਕੀਰਤਪੁਰ ਲਈ ਚੱਲ ਪਏ। ਰਸਤੇ ਵਿਚ ਉਨ੍ਹਾਂ ਸਰਸਾ ਨਦੀ ਨੂੰ ਪਾਰ ਕੀਤਾ। ਕੀਰਤਪੁਰ ਵਿਚ ਗੁਰੂ ਹਰਗੋਬਿੰਦ ਜੀ ਦਾ ਦੂਜਾ ਲੜਕਾ ਸੂਰਜ ਮਲ ਰਹਿ ਰਿਹਾ ਸੀ। ਬਾਬਾ ਸੂਰਜ ਮੱਲ ਬਾਲਕ ਗੋਬਿੰਦ ਰਾਏ ਦਾ

ਚਾਚਾ ਸੀ। ਉਸ ਨੇ ਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੇ ਗੋਬਿੰਦ ਰਾਏ ਤੇ ਉਸ ਦੇ ਸੰਬੰਧੀਆਂ ਦਾ ਬਹੁਤ ਨਿੱਘਾ ਸਵਾਗਤ ਕੀਤਾ।

ਗੁਰੂ ਤੇਗ਼ ਬਹਾਦਰ ਜੀ ਦਾ ਨਿਵਾਸ-ਸਥਾਨ, ਆਨੰਦਪੁਰ, ਇਥੋਂ ਕੇਵਲ ਪੰਜ ਮੀਲ ਦੂਰ ਸੀ। ਕਈ ਦਿਨਾਂ ਲਈ ਕੀਰਤਪੁਰ ਅਟਕਣ ਮਗਰੋਂ ਉਹ ਆਨੰਦਪੁਰ ਲਈ ਚਲ ਪਏ, ਜਿਥੇ ਉਨ੍ਹਾਂ ਦਾ ਬੜੀਆਂ ਖੁਸ਼ੀਆਂ ਨਾਲ ਸਵਾਗਤ ਕੀਤਾ ਗਇਆ। ਰਵਾਇਤ ਅਨੁਸਾਰ ਇਹ ਪਾਰਟੀ ਫਰਵਰੀ, 1672 ਈ. ਵਿਖੇ ਆਨੰਦਪੁਰ ਪਹੁੰਚੀ। ਉਸ ਸਮੇਂ ਤੀਕ ਬਾਲ ਗੁਰੂ ਦੀ ਉਮਰ ਛੇ ਸਾਲਾਂ ਦੀ ਹੋ ਚੁਕੀ ਸੀ।

ਨਕਸ਼ਾ ਨੰ. 5

## ਆਨੰਦਪੁਰ ਠਹਿਰਣ ਸਮੇਂ ਜੇਹੜੀਆਂ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਜੀ ਗਏ

1672 ਈ. ਦੇ ਆਰੰਭ ਤੋਂ ਲੈ ਕੇ 1705 ਈ. ਦੇ ਅੰਤ ਤਕ ਗੁਰੂ ਗੋਬਿੰਦ ਸਿੰਘ ਜੀ ਮੁਖ ਤੌਰ ਤੇ ਆਨੰਦਪੁਰ ਹੀ ਰਹੇ, ਜਿਸ ਦਾ ਇਹ ਨਾਮ ਉਨ੍ਹਾਂ ਭੰਗਾਣੀ ਦੀ ਜਿੱਤ ਮਗਰੋਂ ਰੱਖਿਆ। ਆਨੰਦਪੁਰ ਉਨ੍ਹਾਂ ਦੀਆਂ ਸਰਗਰਮੀਆਂ ਦਾ ਮੁੱਖ ਧਿੱਰ ਸੀ। ਉਨ੍ਹਾਂ ਨੇ ਧੀਰੇ ਧੀਰੇ ਇਸ ਨੂੰ ਇਕ ਲੋਕ-ਪ੍ਰਿਯ ਤੇ ਸ਼ਕਤੀਸ਼ਾਲੀ ਸਿੱਖ ਕੇਂਦਰ ਵਿੱਚ ਵਿਕਸਿਤ ਕੀਤਾ ਅਤੇ ਚਾਰੇ ਪਾਸੇ ਕਿਲ੍ਹੇ ਬਣਾ ਕੇ ਇਸ ਦੀ ਕੁਦਰਤੀ ਮਜ਼ਬੂਤੀ ਵਿੱਚ ਵਾਧਾ ਕੀਤਾ। ਇਥੇ ਲੰਮਾ ਸਮਾਂ ਠਹਿਰਣ ਦੇ ਦੌਰਾਨ ਉਨ੍ਹਾਂ ਨੂੰ ਆਸੇ ਪਾਸੇ ਦੀਆਂ ਪ੍ਰਸਿੱਧ ਥਾਵਾਂ ਵੇਖਣ ਦੇ ਕਈ ਮੌਕੇ ਮਿਲੇ। ਸ਼ੁਰੂ ਵਿੱਚ ਹੀ ਇੱਕ ਵਿਸਾਖੀ ਉਤਸਵ ਦੇ ਮੌਕੇ ਤੇ ਉਹ ਰਵਾਲਸਰ ਵਿਖੇ (ਹੁਣ ਮੰਡੀ ਜ਼ਿਲੇ ਵਿੱਚ) ਪਵਿੱਤਰ ਤਲਾਓ ਨੂੰ ਵੇਖਣ ਲਈ ਗਏ। ਗੁਰੂ ਸਾਹਿਬ ਦੇ ਇਥੇ ਆਉਣ ਦੀ ਯਾਦਗਾਰ ਵਿਚ ਤਲਾਓ ਦੇ ਕੰਢੇ ਉੱਤੇ ਇੱਕ ਉੱਚਾ ਥੜ੍ਹਾ ਬਣਾਇਆ ਹੋਇਆ ਹੈ। ਅਕਤੂਬਰ, 1684 ਈ. ਵਿਚ ਨਾਹਣ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਨਿਮੰਤ੍ਰਣ ਤੇ ਗੁਰੂ ਸਾਹਿਬ ਆਨੰਦਪੁਰ ਤੋਂ ਨਾਹਣ ਲਈ ਚੱਲ ਪਏ। ਰਸਤੇ ਵਿੱਚ ਉਹ ਕਈ ਥਾਵਾਂ ਤੋਂ ਗੁਜ਼ਰੇ ਜਿਨ੍ਹਾਂ ਵਿਚੋਂ ਟੋਡਾ, ਰੋਪੜ ਤੇ ਕੀਰਤਪੁਰ ਦੇ ਨਾਮ ਵਰਣਨ ਯੋਗ ਹਨ। ਥੋੜ੍ਹੀ ਦੇਰ ਨਾਹਣ ਵਿਖੇ ਠਹਿਰਣ ਬਾਅਦ ਗੁਰੂ ਸਾਹਿਬ ਪੌਂਟਾ (ਅੱਜ ਕਲ ਪੌਂਟਾ ਸਾਹਿਬ) ਚਲੇ ਗਏ ਜਿਹੜਾ ਜਮਨਾ ਦੇ ਪੱਛਮੀ ਕੰਢੇ ਤੇ ਵਾਕਿਆ ਹੈ। ਉਨ੍ਹਾਂ ਨੇ ਜਲਦੀ ਹੀ ਇਸ ਨੂੰ ਇਕ ਗੜ੍ਹ ਬਣਾ ਲਇਆ ਜਿਸ ਨੂੰ ਉਹ, ਘੱਟੋ ਘੱਟ ਉਸ ਸਮੇਂ ਲਈ, ਆਪਣੀਆਂ, ਵਿਸ਼ੇਸ਼ ਕਰਕੇ, ਸਾਹਿਤਿਕ ਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਾਉਣ ਦਾ ਇਰਾਦਾ ਰਖਦੇ ਸਨ। ਡੇਹਰਾਦੂਨ ਵਿਖੇ ਰਾਮਰਾਇ ਦੀ ਮੌਤ ਪੁਰ ਉਸ ਦੀ ਵਿਧਵਾ ਪੰਜਾਬ ਕੌਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਉਹ ਇਥੋਂ ਹੀ ਗਏ। ਭੰਗਾਣੀ ਦੀ ਲੜਾਈ ਮਗਰੋਂ ਉਹ ਵਾਪਸ ਆਨੰਦਪੁਰ ਆ ਗਏ। ਵਾਪਸ ਆਉਂਦਿਆਂ ਉਹ ਪ੍ਰਸਿੱਧ ਹਿੰਦੂ ਤੀਰਥ ਕਪਾਲ-ਮੋਚਨ, ਜੋ ਜਗਾਧਰੀ ਤੋਂ ਅੱਠ ਨੌ ਮੀਲ ਉੱਤਰ ਵਲ ਹੈ, ਟੋਕਾ ਅਤੇ ਸਢੌਰਾ ਵਿਖੇ ਗਏ। ਸਢੌਰਾ ਪੀਰ ਬੁੱਧੂ ਸ਼ਾਹ, ਉਸ ਦੇ ਪਰਿਵਾਰ ਅਤੇ ਚੇਲਿਆਂ ਦਾ ਨਿਵਾਸ ਸਥਾਨ ਸੀ। ਰਵਾਇਤ ਅਨੁਸਾਰ ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੀ ਲੜਾਈ ਸਮੇਂ ਗੁਰੂ ਸਾਹਿਬ ਦੀ ਅਮੋਲਕ ਮੱਦਦ ਕੀਤੀ ਸੀ। ਕਹਿਆ ਜਾਂਦਾ ਹੈ ਕਿ ਇਨ੍ਹਾਂ ਸੇਵਾਵਾਂ ਬਦਲੇ ਪੀਰ ਨੂੰ ਗੁਰੂ ਜੀ ਵੱਲੋਂ ਇੱਕ 'ਹੁਕਮਨਾਮਾ' ਅਤੇ ਇਕ ਕੰਘਾ (ਜਿਸ ਵਿਚ ਉਨ੍ਹਾਂ ਦੇ ਕੁਝ ਵਾਲ ਸਨ) ਯਾਦਗਾਰ ਵਜੋਂ ਦਿੱਤੇ ਗਏ।

ਇਕ ਸਾਲ ਤੋਂ ਕੁਝ ਚਿਰ ਮਗਰੋਂ ਗੁਰੂ ਸਾਹਿਬ ਨੂੰ ਨਦੌਣ ਜਾਣਾ ਪਇਆ ਜਿਥੇ ਉਨ੍ਹਾਂ ਨੇ ਬਲਾਸਪੁਰ ਦੇ ਭੀਮ ਚੰਦ ਤੇ ਹੋਰ ਕਈ ਹਿੰਦੂ ਰਾਜਿਆਂ ਦੇ ਨਾਲ ਰਲ ਕੇ ਇਕ ਮੁਗ਼ਲ ਹਮਲਾਵਰ ਦਾ ਟਾਕਰਾ ਕੀਤਾ। ਨਦੌਣ ਆਨੰਦਪੁਰ ਤੋਂ ਤਕਰੀਬਨ ਮੀਲ ਉੱਤਰ ਵੱਲ ਦਰਿਆ ਬਿਆਸ ਦੇ ਖੱਬੇ ਕੰਢੇ ਤੇ ਸਥਿਤ ਸੀ। ਵਿਜੈ ਮਗਰੋਂ ਘਰ ਲਈ ਚੱਲਣ ਤੋਂ ਪਹਿਲਾਂ ਗੁਰੂ ਸਾਹਿਬ ਲਗ ਭਗ ਦਸ ਦਿਨ ਲਈ ਦਰਿਆ ਕਿਨਾਰੇ ਖ਼ੁਸ਼ੀਆਂ ਮਨਾਉਂਦੇ ਰਹੇ।

ਕਈ ਸਾਲਾਂ ਬਾਅਦ ਪਹਾੜੀ ਰਾਜਿਆਂ ਦੇ ਲਗਾਤਾਰ ਦਬਾਉ ਦੇ ਕਾਰਣ ਗੁਰੂ ਸਾਹਿਬ ਨੂੰ ਅਸਥਾਈ ਤੌਰ ਤੇ ਆਨੰਦਪੁਰ ਛੱਡਣਾ ਪਇਆ। ਆਨੰਦਪੁਰ ਤੋਂ ਉਹ ਨਿਰਮੋਹ ਚਲੇ ਗਏ ਜੋ ਕੀਰਤਪੁਰ ਤੇ ਆਨੰਦਪੁਰ ਦੇ ਵਿਚਕਾਰ ਹੈ। ਉਥੇ ਇਕ ਬੀਰਤਾ ਵਾਲੀ ਝੜਪ ਹੋਈ ਜਿਸ ਵਿਚ ਉਹ ਵਿਜਈ ਰਹੇ। ਉਸ ਤੋਂ ਮਗਰੋਂ ਉਹ ਸਤਲੁਜ ਨੂੰ ਪਾਰ ਕਰ ਕੇ ਆਨੰਦਪੁਰ ਤੋਂ ਕੁਝ ਮੀਲ ਉੱਤਰ-ਪੱਛਮ ਵਲ ਬਸੋਲੀ ਰਿਆਸਤ ਵਿਚ ਚਲੇ ਗਏ। ਪਰੰਤੂ ਥੋੜੇ ਸਮੇਂ ਮਗਰੋਂ ਹੀ ਉਹ ਵਾਪਸ ਆਨੰਦਪੁਰ ਆ ਗਏ। ਇਥੇ ਥੋੜਾ ਸਮਾਂ ਠਹਿਰ ਕੇ ਉਨ੍ਹਾਂ ਨੇ ਇਕ ਦੌਰਾ ਕੀਤਾ ਜਿਸ ਦੇ ਦੌਰਾਨ ਉਨ੍ਹਾਂ ਨੇ ਕੁਰੂਕਸ਼ੇਤਰ ਤੇ ਚਮਕੌਰ ਦਾ ਗਮਨ ਕੀਤਾ। ਕੁਝ ਲੋਕਾਂ ਅਨੁਸਾਰ ਇਸ ਦੌਰੇ ਦੇ ਦੌਰਾਨ ਉਹ ਤਲਵੰਡੀ ਸਾਬੋ ਤੇ ਬਠਿੰਡੇ ਨਜ਼ਦੀਕ ਲੱਖੀ ਜੰਗਲ ਵਿਖੇ ਵੀ ਗਏ।


www.sikhbookclub.com

ਨਕਸ਼ਾ ਨੰ .6

# ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਕਾਲ ਬਹੁਤ ਲੰਮਾ ਨਹੀਂ ਸੀ, ਪਰੰਤੂ ਉਹ ਘਟਨਾਵਾਂ ਨਾਲ ਏਨਾ ਭਰਪੂਰ ਸੀ ਕਿ ਉਨ੍ਹਾਂ ਨੂੰ ਸ਼ਾਇਦ ਹੀ ਕਦੇ ਆਰਾਮ ਮਿਲਿਆ ਹੋਵੇ । ਨੇਕੀ ਨੂੰ ਬਚਾਉਣਾ ਤੇ ਬਦੀ ਨੂੰ ਨਸ਼ਟ ਕਰਨਾ, ਉਨ੍ਹਾਂ ਦੇ ਜੀਵਨ ਦਾ ਮਨੋਰਥ ਸੀ । ਇਸ ਮਨੋਰਥ ਦੀ ਪੂਰਤੀ ਲਈ ਉਨ੍ਹਾਂ ਨੂੰ ਇਸ ਗੱਲ ਦੀ ਲੋੜ ਪਈ ਕਿ ਉਹ ਆਪਣੇ ਪੈਰੋਕਾਰਾਂ ਨੂੰ ਸੈਨਿਕ, ਅਖਲਾਕੀ ਅਤੇ ਜ਼ਜ਼ਬਾਤੀ ਤੌਰ ਤੇ ਤਿਆਰ ਕਰਨ । ਇਸ ਕਾਰਵਾਈ ਕਰਕੇ ਗੁਰੂ ਸਾਹਿਬ ਦਾ ਉਨ੍ਹਾਂ ਸਭਨਾਂ ਲੋਕਾਂ ਨਾਲ ਟਾਕਰਾ ਹੋਇਆ ਜਿਹੜੇ ਉਨ੍ਹਾਂ ਦੇ ਦੇਸ਼-ਭਗਤੀ ਦੇ ਕੰਮਾਂ-ਕਾਰਾਂ ਨੂੰ ਪਸੰਦ ਨਹੀਂ ਕਰਦੇ ਸਨ, ਅਤੇ ਇਸ ਦੇ ਸਿਟੇ ਵਜੋਂ ਉਨ੍ਹਾਂ ਨੂੰ ਬਹੁਤ ਸਾਰੀਆਂ ਲੜਾਈਆਂ ਵਿੱਚ ਜੁਟਣਾ ਪਿਆ । ਉਨ੍ਹਾਂ ਦੀ ਪਹਿਲੀ ਲੜਾਈ ਪਾਉਂਟਾ ਸਾਹਿਬ ਤੋਂ ਛੇ ਮੀਲ ਉੱਤਰ ਵੱਲ ਭੰਗਾਣੀ ਦੇ ਸਥਾਨ ਤੇ ਸਤੰਬਰ 1688 ਈ . ਵਿਚ ਹੋਈ । ਇਹ ਯੁੱਧ ਸਿਰੀਨਗਰ (ਗੜ੍ਹਵਾਲ) ਦੇ ਫਤਹ ਸ਼ਾਹ ਅਤੇ ਉਸ ਦੇ ਸਾਥੀਆਂ ਦੇ ਵਿਰੁਧ ਲੜਿਆ ਗਿਆ ਸੀ । ਗੁਰੂ ਜੀ ਨੂੰ ਇਕ ਮਹਾਨ ਵਿਜੈ ਪ੍ਰਾਪਤ ਹੋਈ ਪਰ ਉਨ੍ਹਾਂ ਨੇ ਇਸ ਜਿੱਤ ਤੋਂ ਕੋਈ ਇਲਾਕਾਈ ਲਾਭ ਨਾ ਉਠਾਇਆ ਅਤੇ ਲਗ ਭਗ ਉਸੇ ਵੇਲੇ ਹੀ ਆਨੰਦਪੁਰ ਨੂੰ ਮੁੜ ਪਏ । ਕੋਈ ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿਚ ਭਾਗ ਲਿਆ ਅਤੇ ਮੁਗ਼ਲ ਹਮਲਾਆਵਰ ਅਲਫ ਖਾਂ ਦੇ ਵਿਰੁਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀਆਂ ਦੀ ਜਿਤ ਪ੍ਰਾਪਤ ਕਰਨ ਵਿਚ ਸਹਾਇਤਾ ਕੀਤੀ । ਇਸ ਤੋਂ ਉਪਰੰਤ ਕਈ ਵਰ੍ਹਿਆ ਲਈ ਸ਼ਾਂਤੀ ਬਣੀ ਰਹੀ । 1694 ਈ . ਦੇ ਅੰਤ ਵਿਚ ਕਾਂਗੜੇ ਦੇ ਫ਼ੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਨੂੰ ਆਨੰਦਪੁਰ ਤੇ ਹਮਲਾ ਕਰਨ ਲਈ ਭੇਜਿਆ ਪਰ ਉਹ ਕੁਝ ਨਾ ਕਰ ਸਕਿਆ । ਜਦੋਂ ਉਸ ਦੇ ਆਉਣ ਬਾਰੇ ਗੁਰੂ ਸਾਹਿਬ ਨੂੰ ਪਤਾ ਲੱਗਾ ਅਤੇ ਉਸ ਦੇ ਟਾਕਰੇ ਲਈ ਉਹ ਬਾਹਰ ਨਿਕਲੇ ਤਾਂ ਦੁਸ਼ਮਣ ਦਿੱਲ ਛੱਡ ਗਏ ਤੇ ਮੈਦਾਨ ਵਿਚੋਂ ਭੱਜ ਗਏ । ਛੇਤੀ ਹੀ ਬਾਅਦ, 1695 ਦੇ ਆਰੰਭ ਵਿਚ ਦਿਲਾਵਰ ਖਾਂ ਨੇ ਪਹਿਲੇ ਨਾਲੋਂ ਕਿਤੇ ਵਡੇਰੀ ਮੁਹਿੰਮ ਹੁਸੈਨ ਖਾਂ ਦੀ ਅਗਵਾਈ ਵਿੱਚ ਭੇਜੀ । ਗੁਰੂ ਸਾਹਿਬ ਨੇ ਸਿਧਿਆਂ ਤਾਂ ਮੁਗਲਾਂ ਦੇ ਵਿਰੁੱਧ ਲੜਾਈ ਵਿੱਚ ਹਿੱਸਾ ਨਾ ਲਿਆ, ਪਰ ਉਨ੍ਹਾਂ ਦੀ ਹਮਦਰਦੀ ਨਿਰਸੰਦੇਹ ਉਨ੍ਹਾਂ ਨਾਲ ਸੀ ਜੋ ਹੁਸੈਨ ਖਾਂ ਦੇ ਮੁਕਾਬਲੇ ਤੇ ਲੜੇ । ਹਮਲਾਆਵਰਾਂ ਨੂੰ ਸ਼ੁਰੂ ਸ਼ੁਰੂ ਵਿੱਚ ਕੁਝ ਸਫ਼ਲਤਾ ਹੋਈ ਪਰ ਉਨ੍ਹਾਂ ਦਾ ਆਗੂ ਮਾਰਿਆ ਗਿਆ ਤੇ ਉਨ੍ਹਾਂ ਦੀ ਮੁਹਿੰਮ ਨਿਸਫ਼ਲ ਸਿੱਧ ਹੋਈ । 1696 ਵਿਚ ਸਹਿਜ਼ਾਦਾ ਮੁਅਜ਼ਿਮ ਦੇ ਕਮਾਂਡਰ ਮਿਰਜ਼ਾ ਬੇਗ ਨੇ ਹਮਲਾ ਕੀਤਾ । ਇਸ ਮੌਕੇ ਤੇ ਵੀ ਕੋਈ ਅਜੇਹੀ ਲੜਾਈ ਨਾ ਹੋਈ ਜਿਸ ਵਿਚ ਗੁਰੂ ਸਾਹਿਬ ਭਾਗ ਲੈਂਦੇ । 1699 ਈ. ਤੋਂ ਬਾਅਦ ਲੜਾਈਆਂ ਦਾ ਇਕ ਨਵਾਂ ਦੌਰ ਚਲ ਪਇਆ, ਜਿਨ੍ਹਾਂ ਵਿਚੋਂ ਬਹੁਤੀਆਂ ਦਾ ਨਿਸ਼ਾਨਾ ਆਨੰਦਪੁਰ ਸੀ । ਗੁਆਂਢੀ ਪਹਾੜੀ ਰਾਜਿਆਂ, ਖਾਸ ਕਰਕੇ ਕਹਿਲੂਰ ਤੇ ਹਿੰਡੂਰ ਦੇ ਰਾਜਿਆਂ ਨੇ ਹੱਲਾ ਬੋਲਣ ਵਿਚ ਪਹਿਲ ਕੀਤੀ । ਇਸ ਤੋਂ ਪਿਛੋਂ ਪਹਾੜੀ ਰਾਜਿਆਂ ਦੀ ਬੇਨਤੀ ਤੇ ਸਰਹੰਦ ਦੇ ਮੁਗ਼ਲ ਫ਼ੌਜਦਾਰ ਦੀਆਂ ਫ਼ੌਜਾਂ ਵੀ ਸ਼ਾਮਿਲ ਹੋ ਗਈਆਂ । ਇਕ ਮੌਕੇ ਤੇ ਗੁਰੂ ਸਾਹਿਬ ਨੂੰ ਆਨੰਦਪੁਰ ਛੱਡ ਕੇ ਨਿਰਮੋਹ ਜਾਣਾ ਪਿਆ । ਨਿਰਮੋਹ ਦੇ ਸਥਾਨ ਤੇ ਦੁਸ਼ਮਣਾਂ ਨੇ ਗੁਰੂ ਸਾਹਿਬ ਤੇ ਅਚਨਚੇਤ ਹੱਲਾ ਬੋਲ ਦਿੱਤਾ ਪਰ ਗੁਰੂ ਜੀ ਨੇ ਸਫ਼ਲਤਾਪੂਰਵਕ ਵੈਰੀਆਂ ਦਾ ਮੂੰਹ ਭੰਵਾ ਦਿੱਤਾ । ਇਸ ਤੋਂ ਪਿਛੋਂ ਉਹ ਦਰਿਆ ਸਤਲੁਜ ਤੋਂ ਪਾਰ ਬਸੋਲੀ ਦੇ ਅਸਥਾਨ ਤੇ ਚਲੇ ਗਏ । ਹੁਣ ਕਮਲੋਟ ਪਿੰਡ ਦੇ ਗੁੱਜਰ ਦੇ ਰੰਘੜ ਗੁਰੂ ਸਾਹਿਬ ਦੇ ਵਿਰੋਧ ਵਿੱਚ ਤਤਪਰ ਹੋ ਗਏ ਪਰ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਗਿਆ । ਕੁਝ ਸਮਾਂ ਬਾਅਦ ਗੁਰੂ ਸਾਹਿਬ ਆਨੰਦਪੁਰ ਵਾਪਸ ਆ ਗਏ ਤੇ ਉਥੋਂ ਕੁਰੂਕਸ਼ੇਤਰ ਵੱਲ ਘੁੰਮਣ ਵਾਸਤੇ ਚਲੇ ਗਏ । ਜਦੋਂ ਉਥੋਂ ਮੁੜ ਰਹੇ ਸਨ ਤਾਂ ਚਮਕੌਰ ਦੇ ਸਥਾਨ ਤੇ ਉਨ੍ਹਾਂ ਉਪਰ ਅਚਾਨਕ ਹੱਲਾ ਬੋਲ ਦਿੱਤਾ ਗਿਆ । ਪਰ ਇਹ ਹਮਲਾ ਅਕਾਰਥ ਸਿਧ ਹੋਇਆ, ਕਿਉਂਕਿ ਹੱਲੇ ਵਾਲੀ ਮੁਗ਼ਲ ਸੈਨਾ ਦਾ ਨੇਤਾ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਹਮਲੇ ਦਾ ਖ਼ਿਆਲ ਹੀ ਛੱਡ ਦਿੱਤਾ । ਗੁਰੂ ਸਾਹਿਬ ਨੂੰ ਆਨੰਦਪੁਰ ਪਰਤਣ ਤੇ ਵੀ ਸੁਖ ਦਾ ਸਾਹ ਨਾ ਲੈਣ ਦਿੱਤਾ ਗਿਆ । ਵੈਰੀਆਂ ਨੇ ਆਨੰਦਪੁਰ ਨੂੰ ਮੁੜ ਘੇਰ ਲਇਆ । ਗੁਰੂ ਸਾਹਿਬ ਕਾਫੀ ਸਮੇਂ ਲਈ ਅੱਗੋਂ ਡਟੇ ਰਹੇ ਪਰ ਅੰਤ ਨੂੰ ਉਹ ਆਨੰਦਪੁਰ ਛੱਡਣ ਤੇ ਮਜਬੂਰ ਹੋ ਗਏ । ਜਦੋਂ ਗੁਰੂ ਸਾਹਿਬ ਦੇ ਸਾਥੀ ਸਰਸਾ ਨਦੀ ਦੇ ਕੰਢੇ ਤੇ ਪੁੱਜੇ ਤਾਂ ਦੁਸ਼ਮਣਾਂ ਦੀ ਸੈਨਾ ਅਚਾਨਕ ਪਿਛੋਂ ਆ ਪੁੱਜੀ ਤੇ ਉਸ ਨੇ ਗੁਰੂ ਸਾਹਿਬ ਦੀ ਫ਼ੌਜ ਦੇ ਪਿਛਲੇ ਹਿੱਸੇ ਤੇ ਹਮਲਾ ਕਰ ਦਿੱਤਾ । ਉਦੇ ਸਿੰਘ ਅਤੇ ਉਸ ਦੇ ਆਦਮੀਆਂ ਨੇ ਹੱਲੇ ਦਾ ਜ਼ੋਰ ਚੰਗੀ ਤਰ੍ਹਾਂ ਝੱਲਿਆ, ਜਿਸ ਕਰਕੇ ਗੁਰੂ ਜੀ ਅਤੇ ਕਈ ਹੋਰ ਸਿੱਖ ਦਰਿਆ ਪਾਰ ਕਰਨ ਵਿਚ ਸਫ਼ਲ ਹੋ ਗਏ । ਪਰ ਦੁਸ਼ਮਣਾਂ ਨੇ ਬੜੀ ਦ੍ਰਿੜ੍ਹਤਾ ਨਾਲ ਗੁਰੂ ਜੀ ਦਾ ਪਿੱਛਾ ਕੀਤਾ । ਅਗਲਾ ਟਾਕਰਾ 1705 ਈ . ਦੇ ਅਖ਼ੀਰ ਵਿਚ ਚਮਕੌਰ ਦੇ ਸਥਾਨ ਤੇ ਹੋਇਆ । ਦੁਸ਼ਮਣਾਂ ਦੀ ਬਹੁਤ ਵੱਡੀ ਗਿਣਤੀ ਦੇ ਮੁਕਾਬਲੇ ਵਿਚ ਗੁਰੂ ਸਾਹਿਬ ਪਾਸ ਬਹੁਤ ਥੋੜੇ ਆਦਮੀ ਸਨ, ਇਸ ਲਈ ਉਨ੍ਹਾਂ ਵਿਚੋਂ ਬਹੁਤ ਸਾਰੇ ਉਥੇ ਸ਼ਹੀਦ ਹੋ ਗਏ । ਪਰ ਤਾਂ ਵੀ ਗੁਰੂ ਜੀ ਅਤੇ ਉਨ੍ਹਾਂ ਦੇ ਕੁਝ ਨਿਕਟਵਰਤੀ ਦੁਸ਼ਮਣਾਂ ਦੀਆਂ ਸਫਾਂ ਵਿਚੋਂ ਲੰਘ ਕੇ ਧੁਰ

ਮਾਲਵੇ ਵਿਚ ਪੁੱਜਣ ਵਿਚ ਸਫ਼ਲ ਹੋ ਗਏ । ਪਰ ਹਾਲੇ ਵੀ ਦੁਸ਼ਮਣ ਉਨ੍ਹਾਂ ਦਾ ਪਿੱਛਾ ਨਹੀਂ ਸੀ ਛੱਡ ਰਹੇ । ਉਨ੍ਹਾਂ ਨੂੰ ਇੱਕ ਵਾਰੀ ਫਿਰ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਵਿਚ ਦੁਸ਼ਮਣਾਂ ਦਾ ਮੁਕਾਬਲਾ ਕਰਨਾ ਪਇਆ । ਇਥੇ ਉਨ੍ਹਾਂ ਨੂੰ ਇੱਕ ਨਿਰਣੈਜਨਕ ਵਿਜੈ ਪ੍ਰਾਪਤ ਹੋਈ ਜਿਸ ਨਾਲ ਉਨ੍ਹਾਂ ਲੜਾਈਆਂ ਦੀ ਉਹ ਲੰਬੀ ਲੜੀ ਮੁੱਕ ਗਈ ਜਿਸ ਵਿਚੋਂ ਦੀ ਉਹ ਚਿਰਾਂ ਤੋਂ ਲੜਦੇ ਚਲੇ ਆ ਰਹੇ ਸਨ ।

ਨਕਸ਼ਾ ਨੰ. 7

# ਆਨੰਦਪੁਰ ਤੋਂ ਚਮਕੌਰ

ਆਨੰਦਪੁਰ ਦਾ ਆਖ਼ਰੀ ਘੇਰਾ 6 ਮਹੀਨੇ ਤੋਂ ਵੱਧ ਸਮੇਂ ਲਈ ਕਾਇਮ ਰਿਹਾ । ਘੇਰੇ ਵਿਚ ਆਏ ਹੋਇਆਂ ਲਈ ਇਹ ਇੱਕ ਕਹਿਰਾਂ ਦਾ ਸਮਾਂ ਸੀ । ਆਨੰਦਗੜ੍ਹ ਦੇ ਕਿਲ੍ਹੇ ਨੂੰ ਪਹਾੜੀ ਰਾਜਿਆਂ ਤੇ ਸਰਹੰਦ ਦੇ ਮੁਗ਼ਲ ਗਵਰਨਰ ਦੀਆਂ ਭਾਰੀ ਗਿਣਤੀ ਵਾਲੀਆਂ ਫ਼ੌਜਾਂ ਨੇ ਬਹੁਤ ਨੇੜਿਉਂ ਘੇਰਿਆ ਹੋਇਆ ਸੀ । ਅੰਦਰ ਬਾਹਰ ਜਾਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਸਨ । ਭਾਵੇਂ ਇਹ ਕਠਿਨਾਈਆਂ ਬਹੁਤ ਵੱਡੀਆਂ ਸਨ, ਪਰੰਤੂ ਗੁਰੂ ਸਾਹਿਬ ਨਿਧੱੜਕ ਸਨ ਅਤੇ ਉਨ੍ਹਾਂ ਦਾ ਸਦਾ ਡਟੇ ਰਹਿਣ ਦਾ ਇਰਾਦਾ ਸੀ । ਪਰੰਤੂ ਉਨ੍ਹਾਂ ਦੇ ਸਾਰੇ ਸਾਥੀ ਓਸ ਕਰੜੇ ਤੇ ਉਚੇਰੇ ਮਾਦੇ ਦੇ ਨਹੀਂ ਸਨ ਬਣੇ ਹੋਏ । ਇਸ ਲਈ ਅੰਤ ਨੂੰ ਉਨ੍ਹਾਂ ਨੂੰ ਇਹ ਥਾਂ ਖਾਲੀ ਕਰਨੀ ਪਈ । ਇਹ ਘਟਨਾ 20 ਦਸੰਬਰ, 1705 ਵਾਲੀ ਰਾਤ ਦੀ ਹੈ। ਅੱਧੀ ਰਾਤ ਤੋਂ ਕੁਝ ਚਿਰ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ 1500 ਸਿੱਖਾਂ ਦਾ ਇੱਕ ਜੱਥਾ ਆਨੰਦਪੁਰ ਤੋਂ ਚੱਲ ਪਿਆ ਅਤੇ ਹਨੇਰੇ ਵਿੱਚ ਦੁਸ਼ਮਣ ਦੇ ਲਸ਼ਕਰ ਵਿੱਚੋਂ ਲੰਘ ਗਿਆ । ਇਨ੍ਹਾਂ ਵਿਚੋਂ ਲਗ ਭਗ 500 ਘੋੜ-ਸਵਾਰ ਸਨ ਤੇ ਬਾਕੀ ਪਿਆਦੇ ਸਨ । ਉਹ ਰਸਤੇ ਵਿਚ ਨਿਰਮੋਹ ਤੇ ਕੀਰਤਪੁਰ ਦੇ ਲਾਗਿਉਂ ਲੰਘੇ ਅਤੇ ਅਜੇ ਹਨੇਰਾ ਹੀ ਸੀ ਕਿ ਉਹ ਆਨੰਦਪੁਰ ਤੋਂ 12 ਮੀਲ ਦੂਰ ਸਰਸਾ ਨਦੀ ਤੇ ਪਹੁੰਚ ਗਏ । ਹੁਣ ਇੱਕ ਗੰਭੀਰ ਸਮੱਸਿਆ ਪੇਸ਼ ਆਈ । ਉਨ੍ਹਾਂ ਦੇ ਅੱਗੇ ਹੜ੍ਹ ਵਾਲੀ ਸਰਸਾ ਸੀ ਅਤੇ ਪਿਛੋਂ ਦੁਸ਼ਮਣ ਉਨ੍ਹਾਂ ਨੂੰ ਘੇਰਨ ਲਈ ਪੂਰੀ ਵਾਹ ਨਾਲ ਚੜ੍ਹਦਾ ਆ ਰਹਿਆ ਸੀ । ਵਾਸਤਵ ਵਿਚ ਥੋੜੀ ਦੇਰ ਮਗਰੋਂ ਹੀ ਸ਼ਤਰੂ ਦਾ ਹਮਲਾ ਹੋ ਗਿਆ, ਪਰੰਤੂ ਗੁਰੂ ਸਾਹਿਬ ਦੀ ਫ਼ੌਜ ਦੇ ਪਿਛਲੇ ਦਸਤੇ ਨੇ ਧਾਵੇ ਨੂੰ ਡੱਟ ਕੇ ਝਲਿਆ ਜਿਸ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਨੂੰ ਸਰਸਾ ਦੇ ਹੜ੍ਹ ਵਾਲੇ ਪਾਣੀਆਂ ਵਿਚ ਠਿਲ੍ਹਣ ਦਾ ਸਮਾਂ ਮਿਲ ਗਿਆ । ਉਨ੍ਹਾਂ ਵਿੱਚੋਂ ਕਾਫ਼ੀ ਗਿਣਤੀ ਦਰਿਆ ਪਾਰ ਕਰਨ ਦੀ ਕੋਸ਼ਿਸ਼ ਵਿੱਚ ਚਲਾਣਾ ਕਰ ਗਈ ਅਤੇ ਬਹੁਤ ਸਾਰੇ ਦੁਸ਼ਮਣ ਨਾਲ ਲੜਾਈ ਵਿੱਚ ਮਾਰੇ ਗਏ । ਇਸ ਲਈ ਜਦੋਂ ਗੁਰੂ ਸਾਹਿਬ ਨਦੀ ਤੋਂ ਪਾਰ ਪਹੁੰਚੇ ਤਾਂ ਉਨ੍ਹਾਂ ਦੇ ਸਿਪਾਹੀਆਂ ਦੀ ਗਿਣਤੀ ਬਹੁਤ ਘੱਟ ਚੁੱਕੀ ਸੀ । ਇਸ ਤੋਂ ਬਿਨਾਂ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਮੈਂਬਰ ਖਿੰਡ-ਪੁੰਡ ਚੁੱਕੇ ਸਨ ਅਤੇ ਲੰਮੇ ਸਮੇਂ ਤੱਕ ਉਨ੍ਹਾਂ ਦਾ ਕੁਝ ਅਤਾ-ਪਤਾ ਨਾ ਲੱਗਾ । ਜੱਥੇ ਵਿਚੋਂ ਬਾਕੀ ਬਚਣ ਵਾਲਿਆਂ ਨਾਲ ਗੁਰੂ ਸਾਹਿਬ ਅੱਗੇ ਚੱਲ ਪਏ ਅਤੇ ਘਨੌਲੀ ਤੇ ਮਲਕਪੁਰ ਵਿਚੋਂ ਦੀ ਹੁੰਦੇ ਹੋਏ ਰੋਪੜ ਪਹੁੰਚੇ । ਇਥੋਂ ਦੇ ਸਥਾਨਕ ਪਠਾਣਾਂ ਨੇ ਤਾਕਤ ਨਾਲ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ । ਇਥੇ ਹੋਈ ਲੜਾਈ ਸਮੇਂ ਦੋਨੋਂ ਪਾਸਿਆਂ ਦੇ ਬਹੁਤ ਸਾਰੇ ਲੋਕ ਮਾਰੇ ਗਏ ਜਾਂ ਜ਼ਖ਼ਮੀ ਹੋਏ । ਪਠਾਣਾਂ ਨੂੰ ਭਾਂਜ ਦੇਣ ਮਗਰੋਂ ਗੁਰੂ ਸਾਹਿਬ ਅੱਗੇ ਵਧੇ ਅਤੇ ਕੋਟਲਾ ਨਿਹੰਗ ਰਾਹੀਂ ਬਾਹਮਣ ਮਾਜਰਾ ਪਹੁੰਚੇ । ਇਹ ਕਹਿਣਾ ਮੁਸ਼ਕਿਲ ਹੈ ਕਿ ਇਸ ਸਮੇਂ ਉਨ੍ਹਾਂ ਦੀ ਕੀ ਯੋਜਨਾ ਸੀ, ਜਾਂ ਉਹ ਕਿਧਰ ਨੂੰ ਜਾ ਰਹੇ ਸਨ । ਪਰੰਤੂ ਇਹ ਜਾਪਦਾ ਹੈ ਕਿ ਸਰਹੰਦ ਦੀਆਂ ਮੁਗ਼ਲ ਫ਼ੌਜਾਂ ਦੁਆਰਾ ਰਾਹ ਰੋਕੇ ਜਾਣ ਨਾਲ ਉਨ੍ਹਾਂ ਨੇ ਇਥੇ ਆਪਣੀਆਂ ਯੋਜਨਾਵਾਂ ਨੂੰ ਮੁੜ ਵਿਚਾਰਿਆ ਅਤੇ ਸਿੱਧੇ ਜਾਣ ਦੀ ਬਜਾਏ ਉਹ ਪੱਛਮ ਵਿਖੇ ਬੂਰ ਮਾਜਰੇ ਵਲ ਨੂੰ ਤੁਰ ਪਏ । ਇਸ ਜਗ੍ਹਾ ਤੇ ਦੁਸ਼ਮਣ ਦੇ ਇੱਕ ਸੂਹੀਏ ਨੇ ਉਨ੍ਹਾ ਨੂੰ ਪਛਾਣ ਲਇਆ ਅਤੇ ਇਸ ਬਾਰੇ ਹਾਕਿਮਾਂ ਨੂੰ ਜਾ ਦੱਸਿਆ । ਫਿਰ ਗੁਰੂ ਸਾਹਿਬ ਕਾਹਲੀ ਕਾਹਲੀ ਆਪਣੇ ਸਾਥੀਆਂ ਸਮੇਤ ਚਮਕੌਰ ਵੱਲ ਨੂੰ ਚਲੇ ਜੋ ਰੋਪੜ ਤੋਂ 15 ਮੀਲ ਪੱਛਮ ਵਲ ਸੀ । ਇਹ ਉਹ ਸਥਾਨ ਹੈ ਜਿਥੇ 22 ਦਸੰਬਰ, 1705 ਈ. ਨੂੰ ਬੀਰਤਾ ਦਾ ਇੱਕ ਯਾਦਗਾਰੀ ਸਾਕਾ ਵਾਪਰਿਆ ।

ਨਕਸ਼ਾ ਨੰ. 8

# ਚਮਕੌਰ ਤੋਂ ਆਲਮਗੀਰ

ਚਮਕੌਰ ਦੀ ਜੰਗ ਵਿਚ ਇਕ ਪੂਰਾ ਦਿਨ ਬਹਾਦੁਰ ਤੇ ਇਰਾਦੇ ਦੇ ਪੱਕੇ ਚਾਲ੍ਹੀ ਆਦਮੀਆਂ ਦੇ ਇੱਕ ਛੋਟੇ ਜੇਹੇ ਜੱਥੇ ਨੇ ਦੁਸ਼ਮਣ ਦੀ ਸਾਰੀ ਸੈਨਾ ਨੂੰ ਨੇੜੇ ਨਾ ਆਉਣ ਦਿੱਤਾ। ਜਦੋਂ ਰਾਤ ਪੈ ਗਈ ਅਤੇ ਅਤਿ ਠੰਢੇ ਹਨੇਰੇ ਨੇ ਧਰਤੀ ਨੂੰ ਆਪਣੀ ਬੁੱਕਲ ਵਿਚ ਲੁਕਾ ਲਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਥੀਆਂ ਦੇ ਬਹੁਤ ਕਹਿਣ ਤੇ ਦੁਸ਼ਮਣ ਦੀਆਂ ਫ਼ੌਜਾਂ ਵਿਚੋਂ ਦੀ ਲੰਘਦੇ ਹੋਏ ਚਮਕੌਰੋਂ ਬਾਹਰ ਨਿਕਲ ਗਏ। ਚਮਕੌਰ ਤੋਂ ਤਿੰਨ ਮੀਲ ਦੂਰ ਜਦੋਂ ਉਹ ਜੰਡਸਰ ਪੁੱਜੇ ਤਾਂ ਇਕ ਸਥਾਨਕ ਗੁੱਜਰ ਨੇ ਉਨ੍ਹਾਂ ਨੂੰ ਪਛਾਣ ਲਿਆ ਅਤੇ ਰੌਲਾ ਮਚਾ ਦਿੱਤਾ। ਗੁਰੂ ਸਾਹਿਬ ਨੇ ਉਸ ਨੂੰ ਚੁੱਪ ਕਰਾ ਦਿੱਤਾ ਅਤੇ ਅੱਗੇ ਤੁਰਦੇ ਗਏ। ਪੱਛਮ ਦੇ ਪਾਸੇ ਤਿੰਨੇ ਕੋਹਾਂ ਦੀ ਵਿੱਥ ਤੇ ਇਕ ਪਿੰਡ ਬਹਿਲੋਲਪੁਰ ਆਇਆ। ਗੁਰੂ ਸਾਹਿਬ ਦੇ ਉਥੇ ਜਾਣ ਦੀ ਯਾਦਗਾਰ ਵਿੱਚ ਉਥੇ ਇੱਕ ਗੁਰਦਵਾਰਾ ਉਸਾਰਿਆ ਗਿਆ ਹੈ ਜਿਸ ਦਾ ਨਾਂ ਝਾੜ ਸਾਹਿਬ ਹੈ। ਇਥੋਂ ਗੁਰੂ ਜੀ ਪੁਆਤ ਵੱਲ ਗਏ ਜਿਹੜਾ ਬਹਿਲੋਲਪੁਰ ਤੋਂ ਡੇਢ ਕੋਹ ਪੱਛਮ ਵੱਲ ਹੈ। ਉਥੋਂ ਅੱਗੇ ਚੱਲ ਕੇ ਉਹ ਮਾਛੀਵਾੜੇ ਪੁੱਜੇ, ਜਿਹੜਾ ਪੱਛਮ ਵਿੱਚ ਚਾਰ ਕੋਹਾਂ ਦੀ ਦੂਰੀ ਤੇ ਹੈ। ਹੁਣ ਦਿਨ ਦਾ ਉਜਾਲਾ ਹੋ ਗਿਆ ਸੀ ਅਤੇ ਗੁਰੂ ਜੀ ਨੇ, ਜਿਹੜੇ ਸਾਰੀ ਰਾਤ ਇਕੱਲੇ ਹੀ ਚਲਦੇ ਰਹੇ ਸਨ, ਮਾਛੀਵਾੜੇ ਤੋਂ ਬਾਹਰ ਇੱਕ ਛੋਟੇ ਜੇਹੇ ਬਾਗ਼ ਵਿੱਚ ਇੱਕ ਸੁਰੱਖਿਅਤ ਥਾਂ ਚੁਣੀ, ਤਾਂ ਜੋ ਥਕਾਵਟ ਨਾਲ ਚੂਰ ਚੂਰ ਹੋਏ ਆਪਣੇ ਸ਼ਰੀਰ ਨੂੰ ਕੁਝ ਆਰਾਮ ਦੇ ਸਕਣ। ਜਦੋਂ ਉਹ ਉਥੇ ਸੁੱਤੇ ਪਏ ਸਨ ਤਾਂ ਉਨ੍ਹਾਂ ਦੇ ਤਿੰਨ ਸ਼੍ਰਧਾਲੂ ਸਿੱਖ, ਧਰਮ ਸਿੰਘ, ਮਾਨ ਸਿੰਘ ਅਤੇ ਦਯਾ ਸਿੰਘ ਉਥੇ ਆ ਪੁੱਜੇ ਤੇ ਉਨ੍ਹਾਂ ਨਾਲ ਮੁੜ ਸ਼ਾਮਿਲ ਹੋ ਗਏ। ਪਰ ਸਥਿਤੀ ਉਸ ਸਮੇਂ ਬਹੁਤ ਗੰਭੀਰ ਸੀ, ਕਿਉਂਕਿ ਦੁਸ਼ਮਣਾਂ ਦੀਆਂ ਟੋਲੀਆਂ ਗੁਰੂ ਸਾਹਿਬ ਦੀ ਭਾਲ ਵਿਚ ਇਲਾਕੇ ਦੀ ਛਾਣਬੀਣ ਕਰ ਰਹੀਆਂ ਸਨ। ਇਸ ਖ਼ਤਰੇ ਨੂੰ ਅਨੁਭਵ ਕਰ ਕੇ ਮਾਛੀਵਾੜੇ ਦਾ ਇੱਕ ਪੁਰਾਣਾ ਮਸੰਦ ਗੁਲਾਬਾ ਗੁਰੂ ਜੀ ਅਤੇ ਉਨ੍ਹਾਂ ਦੇ ਤਿੰਨਾਂ ਸਾਥੀਆਂ ਨੂੰ ਆਪਣੇ ਘਰ ਲੈ ਗਇਆ ਪਰ ਛੇਤੀ ਹੀ ਉਸ ਦਾ ਪਿੱਤਾ ਪਾਣੀ ਹੋ ਗਇਆ। ਪਰੰਤੂ ਇਸ ਨਾਜ਼ਕ ਸਮੇਂ ਮਾਛੀਵਾੜੇ ਦੇ ਦੋ ਪਠਾਣਾਂ, ਨਬੀ ਖ਼ਾਂ ਅਤੇ ਗ਼ਨੀ ਖ਼ਾਂ ਨੇ, ਜਿਹੜੇ ਘੋੜਿਆਂ ਦਾ ਵਪਾਰ ਕਰਦੇ ਸਨ ਅਤੇ ਚਿਰਾਂ ਤੋਂ ਗੁਰੂ ਸਾਹਿਬ ਦੇ ਜਾਣੂ ਸਨ, ਆਪਣੀਆਂ ਸੇਵਾਵਾਂ ਭੇਟ ਕੀਤੀਆਂ। ਉਨ੍ਹਾਂ ਦੀ ਸਹਾਇਤਾ ਨਾਲ ਗੁਰੂ ਸਾਹਿਬ ਨੇ ਇਕ ਮੁਸਲਮਾਨ ਫਕੀਰ ਦਾ ਭੇਸ ਧਾਰਿਆ, ਜਦ ਕਿ ਉਨ੍ਹਾਂ ਤਿੰਨਾਂ ਸਿੱਖਾਂ ਨੇ ਉਸ ਫ਼ਕੀਰ ਦੇ ਟਹਿਲੀਏ ਹੋਣ ਦਾ ਸੁਆਂਗ ਰਚਿਆ। ਦੋਨੋਂ ਪਠਾਣ ਤੇ ਤਿੰਨੇ ਸਿੱਖ ਗੁਰੂ ਸਾਹਿਬ ਨੂੰ ਚਾਰਪਾਈ ਉੱਤੇ ਬਿਠਾ ਕੇ ਮਾਛੀਵਾੜੇ ਤੋਂ ਬਾਹਰ ਲੈ ਨਿਕਲੇ। ਇਹ ਟੋਲੀ ਦੱਖਣ ਵੱਲ ਨੂੰ ਹੋ ਤੁਰੀ ਅਤੇ ਛੇਤੀ ਹੀ ਪਿੰਡ ਲਲ੍ਹਾਂ ਵਿੱਚ ਜਾ ਪੁੱਜੀ, ਜਿਹੜਾ ਮਾਛੀਵਾੜੇ ਤੋਂ ਲਗ ਭਗ ਪੰਜਾਂ ਕੋਹਾਂ ਤੇ ਸੀ। ਇਕ ਮੁਸਲਮਾਨ ਸੈਨਿਕ ਅਫ਼ਸਰ ਨੇ, ਜਿਹੜਾ ਉੱਥੇ ਉਤਰਿਆ ਹੋਇਆ ਸੀ, ਚਾਰਪਾਈ ਉਤੇ ਜਾ ਰਹੇ ਇਸ ਮਹਾਤਮਾ ਪ੍ਰਤੀ ਸ਼ੱਕ ਪ੍ਰਗਟ ਕੀਤਾ ਤੇ ਟੋਹ ਲਾਉਣ ਵਾਲੀਆਂ ਕਈ ਪੁੱਛਾਂ ਪੜਤਾਲਾਂ ਕੀਤੀਆਂ। ਪਰ ਨਬੀ ਖ਼ਾਂ ਤੇ ਗ਼ਨੀ ਖ਼ਾਂ ਨੇ ਇਹ ਕਹਿ ਕੇ ਉਸ ਦੀ ਤਸੱਲੀ ਕਰਾ ਦਿੱਤੀ ਕਿ ਉਹ ਉਨ੍ਹਾਂ ਦੇ 'ਉੱਚ ਦੇ ਪੀਰ' ਹਨ ਜੇਹੜੇ ਆਪਣੇ ਮੁਰੀਦਾਂ ਨੂੰ ਮਿਲਣ ਗਿਲਣ ਲਈ ਘੁੰਮ ਰਹੇ ਹਨ। ਉਸ ਥਾਂ ਦੀ ਯਾਦ ਵਿੱਚ ਗੁਰੂਸਰ ਨਾਂ ਦਾ ਗੁਰਦਵਾਰਾ ਬਣਿਆ ਹੋਇਆ ਹੈ। ਇਥੋਂ ਇਹ ਟੋਲੀ ਕਟਾਣੀ ਵਲ ਰਵਾਨਾ ਹੋਈ ਜੋ ਪਿੰਡ ਲਲ੍ਹਾਂ ਤੋਂ ਡੇਢ ਕੋਹ ਦੀ ਵਿੱਥ ਤੇ ਹੈ ਉਥੋਂ ਅੱਗੇ ਉਹ ਕਨੇਚ ਜਾ ਪੁੱਜੇ ਜੇਹੜਾ ਕਟਾਣੀ ਤੋਂ ਪੱਛਮ ਵਲ ਲਗ ਭਗ ਪੰਜ ਕੋਹਾਂ ਤੇ ਹੈ ਤੇ ਸਾਨ੍ਹੇਵਾਲ ਦੇ ਨੇੜੇ ਹੈ। ਕਨੇਚ ਪਿੰਡ ਵਿਚ ਗੁਰੂ ਜੀ ਨੇ ਚਾਰਪਾਈ ਦੀ ਥਾਂ ਘੋੜੇ ਦੀ ਸਵਾਰੀ ਲਈ ਕੋਸ਼ਿਸ਼ ਕੀਤੀ, ਪਰ ਸਥਾਨਕ ਮਸੰਦ ਫ਼ਤਹ ਉਨ੍ਹਾਂ ਦੀ ਲੋੜ ਪੂਰੀ ਨਾ ਕਰ ਸਕਿਆ। ਫਿਰ ਗੁਰੂ ਜੀ ਦੁਰਾਹੇ ਦੇ ਰਸਤੇ ਪਿੰਡ ਆਲਮਗੀਰ ਜਾ ਪੁੱਜੇ ਜਿਹੜਾ ਲੁਧਿਆਣੇ ਤੋਂ ਕੋਈ ਸੱਤ ਕੋਹ ਦੱਖਣ ਵੱਲ ਹੈ। ਇੱਥੇ ਇੱਕ ਨੌਧਾ ਨਾਂ ਦੇ ਜ਼ਮੀਂਦਾਰ ਨੇ ਗੁਰੂ ਸਾਹਿਬ ਨੂੰ ਇੱਕ ਘੋੜਾ ਪੇਸ਼ ਕੀਤਾ ਅਤੇ ਇਸ ਤੋਂ ਬਾਅਦ ਗੁਰੂ ਜੀ ਨੇ ਚਾਰਪਾਈ ਉੱਤੇ ਬੈਠ ਕੇ ਸਫ਼ਰ ਕਰਨਾ ਛੱਡ ਦਿੱਤਾਂ। ਇੱਥੇ ਉਨ੍ਹਾਂ ਨੇ 'ਉੱਚ ਦਾ ਪੀਰ' ਵਾਲਾ ਨੀਲਾ ਚੋਲਾ ਵੀ ਤਿਆਗ ਦਿੱਤਾ ਅਤੇ ਵਫ਼ਾਦਾਰ ਪਠਾਣ ਭਰਾਵਾਂ ਨੂੰ ਹੁਕਮਨਾਮੇ ਦੁਆਰਾ ਯੋਗ ਇਨਾਮ ਦੇ ਕੇ ਵਿਦਾ ਕੀਤਾ।



 www.sikhbookclub.com

ਨਕਸ਼ਾ ਨੰ. 9

# ਆਲਮਗੀਰ ਤੋਂ ਦੀਨਾ

ਆਲਮਗੀਰ ਤੋਂ ਗੁਰੂ ਗੋਬਿੰਦ ਸਿੰਘ ਜੀ ਘੋੜੇ ਤੇ ਚੜ੍ਹ ਕੇ ਜੋਧਾ ਅਤੇ ਮੋਹੀ ਵਲ ਰਵਾਨਾ ਹੋ ਗਏ। ਮੋਹੀ ਦੇ ਸਥਾਨ ਤੇ ਥੋੜਾ ਸਮਾਂ ਠਹਿਰਣ ਤੋਂ ਬਾਅਦ ਉਨ੍ਹਾਂ ਆਪਣਾ ਸਫ਼ਰ ਮੁੜ ਆਰੰਭ ਦਿੱਤਾ ਅਤੇ ਰਾਏਕੋਟ ਵੱਲ ਨੂੰ ਚੱਲ ਪਏ। ਸੀਲੋਆਣੀ ਦੇ ਸਥਾਨ ਤੇ ਰਾਏਕੋਟ ਦਾ ਚੌਧਰੀ ਕਾਲਾ ਰਾਏ ਗੁਰੂ ਜੀ ਨੂੰ ਮਿਲਿਆ ਤੇ ਉਸ ਨੇ ਆਪਣੀ ਸੇਵਾ ਭੇਟ ਕੀਤੀ। ਗੁਰੂ ਜੀ ਦੀ ਆਗਿਆ ਤੇ ਉਸ ਨੇ ਆਪਣਾ ਆਦਮੀ ਸਰਹੰਦ ਭੇਜਿਆ, ਤਾਂ ਜੋ ਗੁਰੂ ਸਾਹਿਬ ਦੇ ਪਰਿਵਾਰ ਦੇ ਬਾਕੀ ਜੀਆਂ ਨਾਲ ਵਾਪਰੇ ਹਾਲਾਤ ਦੀ ਖ਼ਬਰ ਸਾਰ ਲਿਆਏ। ਸਰਹੰਦ ਵਿਚ ਦੁਖਾਂਤਿਕ ਘਟਨਾ ਦੇ ਵਾਪਰਣ ਦੀ ਖ਼ਬਰ ਛੇਤੀ ਹੀ ਬਾਅਦ ਗੁਰੂ ਜੀ ਨੂੰ ਪਹੁੰਚਾ ਦਿੱਤੀ ਗਈ। ਪਰ ਗੁਰੂ ਜੀ ਨੇ ਇਹ ਦਰਦ-ਭਰੀ ਖ਼ਬਰ ਸੁਣ ਕੇ ਆਪਣਾ ਦਿੱਲ ਨਹੀਂ ਛੱਡਿਆ, ਸਗੋਂ ਨਿਧੜਕ ਹੋ ਕੇ ਉਨ੍ਹਾਂ ਨੇ ਛੇਤੀ ਹੀ ਆਪਣਾ ਸਫ਼ਰ ਮੁੜ ਸ਼ੁਰੂ ਕਰ ਦਿੱਤਾ ਅਤੇ ਹੇਹਰ ਦੇ ਸਥਾਨ ਤੇ ਜਾ ਪੁੱਜੇ। ਉਥੇ ਉਹ ਭੰਗਾਣੀ ਦੇ ਯੁੱਧ (1688) ਦੇ ਸੂਰਮੇ ਮਹੰਤ ਕਿਰਪਾਲ ਦਾਸ ਦੇ ਪਾਸ ਦੋ ਦਿਨ ਠਹਿਰੇ। ਉਨ੍ਹਾਂ ਦੇ ਸਫ਼ਰ ਦਾ ਅਗਲਾ ਪੜਾਉ ਲੰਮਾਂ ਜੱਟਪੁਰਾ ਸੀ ਜੇਹੜਾ ਹੇਹਰ ਤੋਂ ਲਗ ਭਗ ਪੰਜ ਕੋਹ ਪੱਛਮ ਵਲ ਸੀ। ਗੁਰੂ ਜੀ ਉਥੇ ਤਿੰਨ ਦਿਨ ਠਹਿਰੇ। ਰਾਏ ਕੋਟ ਦਾ ਚੌਧਰੀ ਕਾਲਾ ਰਾਏ, ਜਿਹੜਾ ਇਸ ਵੇਲੇ ਤਕ ਗੁਰੂ ਸਾਹਿਬ ਦੇ ਨਾਲ ਜਾ ਰਿਹਾ ਸੀ, ਇਸ ਥਾਂ ਤੋਂ ਆਪਣੇ ਘਰ ਨੂੰ ਵਾਪਸ ਚਲਾ ਗਇਆ। ਉਥੋਂ ਗੁਰੂ ਜੀ ਚਕਰ ਪਿੰਡ ਵਿਚ ਪੁੱਜੇ ਤੇ ਥੋੜਾ ਸਮਾਂ ਉਥੇ ਠਹਿਰਣ ਉਪਰੰਤ ਤਖਤੂਪੁਰੇ ਵੱਲ ਚੱਲ ਪਏ ਜਿਹੜਾ ਚਕਰ ਤੋਂ ਛੇ ਮੀਲ ਪੱਛਮ ਵੱਲ ਹੈ। ਤਖਤੂਪੁਰੇ ਤੋਂ ਗੁਰੂ ਜੀ ਮਧਏਕੇ ਦੇ ਰਾਹ ਅਗਾਂਹ ਦੀਨੇ ਚਲੇ ਗਏ। ਦੀਨੇ ਦੇ ਸਥਾਨ ਤੇ, ਜੇਹੜਾ ਤਖ਼ਤੂਪੁਰੇ ਤੋਂ ਦੱਖਣ-ਪੱਛਮ ਵਲ ਕੋਈ ਸੱਤ ਕੋਹ ਦੀ ਵਿੱਥ ਤੇ ਹੈ, ਇਕ ਸ਼੍ਰਧਾਲੂ ਸਿਖ ਰਾਮੇ ਨੇ ਗੁਰੂ ਸਾਹਿਬ ਨੂੰ ਇੱਕ ਬਹੁਤ ਵਧੀਆ ਘੋੜਾ ਪੇਸ਼ ਕੀਤਾ। ਗੁਰੂ ਸਾਹਿਬ ਨੇ ਉਹ ਘੋੜਾ ਪ੍ਰਵਾਨ ਕਰ ਲਿਆ ਤੇ ਆਪਣਾ ਪਹਿਲਾ ਘੋੜਾ ਭਾਈ ਦਯਾ ਸਿੰਘ ਨੂੰ ਦੇ ਦਿੱਤਾ। ਗੁਰੂ ਸਾਹਿਬ ਦੇ ਉਥੇ ਪੁੱਜਣ ਦੀ ਖ਼ਬਰ ਉਸ ਇਲਾਕੇ ਦੇ ਸਭ ਜ਼ਿਮੀਂਦਾਰਾਂ ਨੂੰ ਲਗ ਗਈ ਤੇ ਉਨ੍ਹਾਂ ਨੇ ਗੁਰੂ ਜੀ ਪਾਸ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ। ਜਿਹੜੇ ਅਸਰ ਰਸੂਖ ਵਾਲੇ ਲੋਕ ਗੁਰੂ ਸਾਹਿਬ ਨੂੰ ਇਥੇ ਆ ਕੇ ਮਿਲੇ ਸਨ, ਉਨ੍ਹਾਂ ਵਿਚ ਜੋਧ ਰਾਏ ਦੇ ਪੁੱਤਰ ਲਖਮੀਰ ਤੇ ਸਮੀਰ ਅਤੇ ਭਾਈ ਰੂਪ ਚੰਦ ਦੇ ਪੋਤਰੇ ਪਰਮ ਸਿੰਘ ਤੇ ਧਰਮ ਸਿੰਘ ਸਨ। ਗੁਰੂ ਸਾਹਿਬ ਇਥੇ ਕੁਝ ਦਿਨ ਠਹਿਰੇ ਤੇ ਉਨ੍ਹਾਂ ਨੇ 'ਜ਼ਫਰਨਾਮਾ' ਲਿਖਿਆ। 'ਜ਼ਫਰਨਾਮਾ' ਸ਼ਹਿਨਸ਼ਾਹ ਔਰੰਗਜ਼ੇਬ ਵਲ ਫ਼ਾਰਸੀ ਕਵਿਤਾ ਵਿਚ ਲਿਖੀ ਇੱਕ ਚਿੱਠੀ ਹੈ। ਇਹ ਚਿੱਠੀ ਬਾਅਦ ਵਿੱਚ ਭਾਈ ਦਯਾ ਸਿੰਘ ਰਾਹੀਂ ਸ਼ਹਿਨਸ਼ਾਹ ਤੱਕ ਪਹੁੰਚਾਈ ਗਈ। ਜਿਸ ਥਾਂ ਗੁਰੂ ਸਾਹਿਬ ਠਹਿਰੇ ਸਨ, ਉਥੇ ਉਸ ਮੌਕੇ ਦੀ ਯਾਦ ਵਿਚ ਲੋਹਗੜ੍ਹ ਨਾਮੀ ਗੁਰਦਵਾਰਾ ਬਣਾਇਆ ਗਿਆ ਹੈ। ਦੀਨੇ ਤੋਂ ਗੁਰੂ ਜੀ ਕਦੀ ਕਦੀ ਬਾਹਰ ਨਿਕਲਦੇ ਤੇ ਲਾਗਲੀਆਂ ਥਾਵਾਂ ਤੇ ਜਾਂਦੇ ਸਨ। ਦੋ ਅਜੇਹੀਆਂ ਥਾਵਾਂ ਜਿਥੇ ਗੁਰੂ ਜੀ ਦੀਨੇ ਤੋਂ ਗਏ ਸਨ, ਬੁਰਜ ਮਾਨਾਂ ਅਤੇ ਭਦੌੜ ਹਨ। ਬੁਰਜ ਮਾਨਾਂ ਦੀਨੇ ਤੋਂ ਦੋ ਕੋਹ ਦੱਖਣ ਵੱਲ ਸੀ ਤੇ ਭਦੌੜ ਬੁਰਜ ਮਾਨਾਂ ਤੋਂ ਲਗ ਭਗ ਤਿੰਨ ਕੋਹ ਪੂਰਬ ਵੱਲ ਹੈ।

ਨਕਸ਼ਾ ਨੰ. 10

# ਦੀਨੇ-ਬਠਿੰਡੇ ਦਾ ਇਲਾਕਾ

ਜਿਵੇਂ ਦੀਨੇ ਤੋਂ ਗੁਰੂ ਗੋਬਿੰਦ ਸਿੰਘ ਜੀ ਬੁਰਜ ਮਾਨਾਂ ਅਤੇ ਭਦੌੜ ਗਏ ਸਨ, ਇਸੇ ਤਰ੍ਹਾਂ ਹੀ ਉਹ ਦੀਨੇ ਤੋਂ ਦਿਆਲਪੁਰੇ ਅਤੇ ਪਤੋ ਦੀਆਂ ਥਾਵਾਂ ਤੇ ਵੀ ਗਏ। ਦੀਨੇ ਤੋਂ ਦਿਆਲਪੁਰਾ ਦੱਖਣ ਵਲ ਲਗ ਭਗ ਤਿੰਨ ਕੋਹਾਂ ਦੇ ਫ਼ਾਸਲੇ ਉੱਤੇ ਹੈ ਤੇ ਦੀਨੇ ਤੋਂ ਪਤੋ ਉੱਤਰ ਦੇ ਪਾਸੇ ਕੋਈ ਚਾਰ ਕੋਹਾਂ ਦੀ ਵਿੱਥ ਤੇ ਹੈ। ਜਦੋਂ ਉਹ ਹਾਲੇ ਦੀਨੇ ਹੀ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਥਾਂ ਟਿਕਾਣੇ ਦੀ ਖ਼ਬਰ ਸਰਹਿੰਦ ਦੇ ਮੁਗ਼ਲ ਗਵਰਨਰ ਨੂੰ ਮਿਲ ਗਈ ਹੈ। ਹੁਣ ਤੋਂ ਉਨ੍ਹਾਂ ਨੂੰ ਅਜੇਹੀ ਯੋਗ ਥਾਂ ਲੱਭਣ ਦੀ ਫਿਕਰ ਲਗ ਗਈ ਜਿਥੇ ਕਿ ਉਹ ਦੁਸ਼ਮਣ ਦਾ ਭਲੀਭਾਂਤ ਟਾਕਰਾ ਕਰ ਸਕਣ। ਉਹ ਲੋਕਾਂ ਦੇ ਮਨ ਵਿਚ ਧਰਮ-ਯੁੱਧ ਦੀ ਭਾਵਨਾ ਉਤਪੰਨ ਕਰਨ ਲਈ ਵੀ ਬੜੀ ਤੀਬਰ ਇੱਛਾ ਰਖਦੇ ਸਨ, ਇਸ ਲਈ ਉਨ੍ਹਾਂ ਨੇ ਦੀਨਾ ਛਡ ਦਿੱਤਾ ਤੇ ਇਰਦ ਗਿਰਦ ਪਿੰਡਾਂ ਵਿਚ ਘੁੰਮਣਾ ਸ਼ੁਰੂ ਕੀਤਾ। ਪਹਿਲੇ ਉਹ ਜਲਾਲ ਪਿੰਡ ਗਏ ਜਿਹੜਾ ਦੀਨੇ

ਤੋਂ ਕੋਈ ਤਿੰਨ ਕੋਹ ਦੀ ਵਿੱਥ ਤੇ ਸੀ। ਉਥੋਂ ਉਹ ਪੱਛਮ ਵਲ ਗਏ ਤੇ ਦੌਂਦ ਦੇ ਸਥਾਨ ਤੇ ਪੁੱਜੇ ਜਿਹੜਾ ਜਲਾਲ ਤੋਂ ਕੋਈ ਸੱਤ ਕੋਹ ਦੇ ਫ਼ਾਸਲੇ ਤੇ ਸੀ। ਇਸ ਤੋਂ ਬਾਅਦ ਉਹ ਬਾਂਦਰ ਜਾਂ ਵਾਂਦਰ ਪੁੱਜੇ ਜਿਥੋਂ ਉਹ ਅਗੇ ਬਰਗਾੜੀ ਚਲੇ ਗਏ ਜਿਹੜਾ ਬਾਂਦਰ ਤੋਂ ਤਿੰਨ ਕੋਹ ਪੱਛਮ ਵਲ ਸੀ। ਇਸ ਥਾਂ ਤੇ ਕਪੂਰੇ ਨਗਰ ਦਾ ਭਾਈ ਨੰਦ ਉਨ੍ਹਾਂ ਨੂੰ ਮਿਲਿਆ ਅਤੇ ਉਸ ਨੇ ਗੁਰੂ ਜੀ ਤੇ ਉਨ੍ਹਾਂ ਦੇ ਸਾਥੀਆਂ ਦੀ ਬਹੁਤ ਸੇਵਾ ਕੀਤੀ। ਇਸ ਤੋਂ ਬਾਅਦ ਉਹ ਬਹਿਬਲ ਗਏ। ਇਥੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਦਾ ਲੋਕਾਂ ਨੇ ਨਿੱਘਾ ਸੁਾਗਤ ਕੀਤਾ ਅਤੇ ਆ ਰਹੇ ਖ਼ਤਰੇ ਦਾ ਟਾਕਰਾ ਕਰਨ ਲਈ ਉਨ੍ਹਾਂ ਵਿਚੋਂ ਬਹੁਤ ਸਾਰੇ ਗੁਰੂ ਜੀ ਨਾਲ ਸ਼ਾਮਿਲ ਹੋ ਗਏ। ਇਥੋਂ ਗੁਰੂ ਸਾਹਿਬ ਸਰਾਵਾਂ ਪਿੰਡ ਜਾਂ ਪੁੱਜੇ ਜਿਹੜਾ ਬਹਿਬਲ ਤੋਂ ਇੱਕ ਕੋਹ ਪੱਛਮ ਵਲ ਹੈ। ਇਸ ਥਾਂ ਨੂੰ ਗੁਰੂਸਰ ਵੀ ਕਹਿੰਦੇ ਹਨ। ਇਥੇ ਗੁਰੂ ਸਾਹਿਬ ਨੇ ਆਪਣੇ ਆਦਮੀਆਂ ਨੂੰ ਤੀਰ ਚਲਾਉਣ ਦੀ ਕੁਝ ਮਸ਼ਕ ਕਰਵਾਈ। ਇਸ ਤੋਂ ਬਾਅਦ ਉਹ ਜੈਤੋ ਗਏ ਜੇਹੜਾ ਸ਼ਰਾਵਾਂ ਤੋਂ ਲਗ ਪਗ ਚਾਰ ਕੋਹ ਦੱਖਣ ਵਲ ਸੀ ਅਤੇ ਉਥੇ ਤਿੰਨ ਦਿਨ ਠਹਿਰੇ। ਜੈਤੋ ਤੋਂ ਕੋਈ ਪੰਜ ਕੋਹ ਪੂਰਬ ਵਲ ਕੋਠਾ ਮਲੂਕ ਦਾਸ ਸੀ ਜਿਸ ਨੂੰ ਹੁਣ ਕੋਠਾ ਗੁਰੂ ਕਹਿੰਦੇ ਹਨ। ਜੈਤੋ ਤੋਂ ਬਾਅਦ ਗੁਰੂ ਸਾਹਿਬ ਉਸੇ ਪਿੰਡ ਗਏ ਤੇ ਪਿਛੋਂ ਲੰਭਵਾਲੀ ਗਏ ਜੇਹੜਾ ਲਗ ਪਗ ਕੋਠਾ ਮਲੂਕ ਦਾਸ ਤੋਂ ਤਿੰਨ ਕੋਹ ਪੱਛਮ ਵਲ ਹੈ। ਲੰਭਵਾਲੀ ਤੋਂ ਉਹ ਬੜੀ ਫੁਰਤੀ ਨਾਲ ਕੋਟ ਕਪੂਰੇ ਪੁੱਜੇ ਜਿਹੜਾ ਉੱਤਰ ਵਿਚ ਤੇਰਾਂ ਕੋਹ ਦੀ ਵਿੱਥ ਤੇ ਸੀ। ਸ਼ਾਇਦ ਪਿੱਛਾ ਕਰ ਰਹੀ ਦੁਸ਼ਮਣ ਫ਼ੌਜ ਹੁਣ ਤਕ ਚੋਖੀ ਨੇੜੇ ਆ ਚੁਕੀ ਸੀ। ਬਰਾੜ ਜੱਟ ਚੌਧਰੀ ਕਪੂਰੇ ਤੋਂ ਕੁਝ ਦਿਨ ਲਈ ਉਸ ਦਾ ਕਿਲ੍ਹਾ ਮੰਗਿਆ ਗਇਆ ਪਰ ਮੁਗ਼ਲਾਂ ਦੇ ਕਹਿਰ ਤੋਂ ਡਰਦਿਆਂ ਉਸ ਨੇ ਗੁਰੂ ਸਾਹਿਬ ਦੀ ਆਗਿਆ ਪਾਲਣ ਤੋਂ ਨਾਂਹ ਕਰ ਦਿੱਤੀ। ਸੋ ਉਥੋਂ ਗੁਰੂ ਸਾਹਿਬ ਪਿੰਡ ਢਿਲਵਾਂ ਸੋਢੀਆਂ ਵਲ ਰਵਾਨਾ ਹੋ ਗਏ ਜਿਹੜਾ ਕੋਟ ਕਪੂਰੇ ਤੋਂ ਤਿੰਨ ਕੋਹ ਪੂਰਬ ਵਲ ਸੀ। ਇਕ ਕੌਲ ਨਾਂ ਦੇ ਸੋਢੀ ਨੇ, ਜੇਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਰਿਸ਼ਤੇਦਾਰ ਸੀ, ਉਨ੍ਹਾਂ ਦਾ ਬੜਾ ਨਿੱਘਾ ਤੇ ਹਾਰਦਿਕ ਸੁਾਗਤ ਕੀਤਾ। ਚੌਧਰੀ ਕਪੂਰਾ, ਸ਼ਾਇਦ ਆਪਣੇ ਪਿਛਲੇ ਸ਼ਰਮਨਾਕ ਇਨਕਾਰ ਦੇ ਪਛੋਤਾਵੇ ਕਰਕੇ, ਇਥੇ ਗੁਰੂ ਸਾਹਿਬ ਨੂੰ ਮਿਲਣ ਲਈ ਆਇਆ ਅਤੇ ਮੁਆਫੀ ਮੰਗੀ। ਗੁਰੂ ਸਾਹਿਬ ਨੇ ਉਸ ਨੂੰ ਮੁਆਫ ਕਰ ਦਿੱਤਾ ਤੇ ਉਸ ਤੋਂ ਇਕ ਅਜੇਹਾ ਗਾਈਡ ਮੰਗਿਆ ਜਿਹੜਾ ਮੁਗ਼ਲਾਂ ਵਿਰੁੱਧ ਲੜਾਈ ਲੜਨ ਲਈ ਇਕ ਯੋਗ ਥਾਂ ਚੁਣਨ ਵਿਚ ਉਨ੍ਹਾਂ ਦੀ ਸਹਾਇਤਾ ਕਰੇ। ਢਿਲਵਾਂ ਤੋਂ ਗੁਰੂ ਸਾਹਿਬ ਬੜੀ ਫੁਰਤੀ ਨਾਲ ਰਵਾਨਾ ਹੋਏ ਅਤੇ ਦੱਖਣ-ਪੱਛਮੀ ਪਾਸੇ ਲਗ ਪਗ ਦਸ ਕੋਹਾਂ ਦੇ ਫ਼ਾਸਲੇ ਤੇ ਪਿੰਡ ਰਾਮਿਆਣਾ ਜਾ ਪੁੱਜੇ। ਸੰਭਵ ਹੈ ਕਿ ਇਹ ਥਾਂ ਲੜਾਈ ਦੇ ਮੈਦਾਨ ਵਜੋਂ ਉਨ੍ਹਾਂ ਨੂੰ ਨਾ ਜਚਿਆ। ਇਸ ਲਈ ਉਹ ਤੁਰਤ ਖਿਦਰਾਣੇ (ਹੁਣ ਮੁਕਤਸਰ) ਵਲ ਰਵਾਨਾ ਹੋ ਗਏ ਜਿਹੜਾ ਲਗ ਭਗ ਬਾਰਾਂ ਕੋਹ ਪੱਛਮ ਵਲ ਸੀ। ਆਖ਼ਿਰਕਾਰ ਇਸ ਥਾਂ ਨੂੰ ਸਿਰ ਤੇ ਆ ਪੁੱਜੀ ਲੜਾਈ ਲਈ ਚੁਣ ਲਿਆ ਗਿਆ। ਖਿਦਰਾਣੇ ਦੇ ਯੁੱਧ ਵਿਚ ਗੁਰੂ ਜੀ ਨੂੰ ਇਕ ਨਿਰਣਾਜਨਕ ਫ਼ਤਹ ਪ੍ਰਾਪਤ ਹੋਈ। ਇਥੇ ਦਸ ਦਿਨ ਠਹਿਰਣ ਪਿਛੋਂ ਉਹ ਦੱਖਣ ਦੇ ਪਾਸੇ ਨੂੰ ਰਵਾਨਾ ਹੋਏ ਅਤੇ ਰੁਪਾਣਾ, ਭੰਦੂੜ ਅਤੇ ਥੇਹੜੀ ਵਿਚੋਂ ਦੀ ਲੰਘੇ। ਆਪਣੇ ਸਫ਼ਰ ਸਮੇਂ ਉਹ ਥੋੜੇ ਥੋੜੇ ਚਿਰ ਲਈ ਸਰਾਏ ਅਤੇ ਵਬੂ ਸਮੂ ਦੇ ਪਿੰਡਾਂ ਵਿਚ ਵੀ ਗਏ ਜੇਹੜੇ ਖਿਦਰਾਣੇ ਤੋਂ ਬਹੁਤ ਦੂਰ ਨਹੀਂ ਸਨ।

ਨਕਸ਼ਾ ਨੰ. 11

## ਬਠਿੰਡਾ-ਸਰਸਾ ਦਾ ਇਲਾਕਾ

ਹੁਣ ਗੁਰੂ ਜੀ ਬਠਿੰਡੇ ਦੇ ਇਲਾਕੇ ਵਿੱਚ ਸਨ। ਥੇਹੜੀ ਤੋਂ ਉਹ ਕਾਲਚਿਰਾਣੀ ਵੱਲ ਨੂੰ ਚਲੇ ਗਏ ਜਿਹੜੀ ਥੇਹੜੀ ਤੋਂ ਸੱਤ ਕੋਹ ਦੱਖਣ-ਪੂਰਬ ਵੱਲ ਸੀ। ਉਥੋਂ ਉਹ ਉੱਤਰ ਵਲ ਗਏ ਤੇ ਥੰਬੀਹਾ, ਰੋਹੀ ਅਤੇ ਜੰਗੀਰਾਣਾਂ ਵਿਚੋਂ ਲੰਘ ਕੇ ਭਾਈ ਕੋਟ ਵਲ ਚਲੇ ਗਏ ਜੇਹੜਾ ਭਾਈ ਭਗਤੂ ਨੇ ਵਸਾਇਆ ਸੀ। ਉਥੋਂ ਉਹ ਪਿੰਡ ਸਾਹਿਬਚੰਦ ਵਲ ਗਏ ਤੇ ਅਗਾਂਹ ਛਤਿਆਣੇ ਪੁੱਜ ਗਏ। ਛਤਿਆਣੇ ਵਿਚ ਬਰਾੜਾਂ ਨੇ, ਜਿਹੜੇ ਪਿਛਲੀ ਲੜਾਈ ਵਿਚ ਗੁਰੂ ਸਾਹਿਬ ਦੇ ਪਾਸੇ ਹੋ ਕੇ ਲੜੇ ਸਨ, ਆਪਣੀਆਂ ਤਨਖਾਹਾਂ ਦੇ ਬਕਾਇਆ ਪੈਸੇ ਮੰਗੇ ਅਤੇ ਨਾ ਦੇਣ ਦੀ ਹਾਲਤ ਵਿਚ ਉਨ੍ਹਾਂ ਦਾ ਰਾਹ ਰੋਕ ਲੈਣ ਦਾ ਡਰਾਵਾ ਦਿੱਤਾ। ਉਥੋਂ ਫਿਰ ਗੁਰੂ ਸਾਹਿਬ ਦੱਖਣ ਵਲ ਨੂੰ ਅਗਾਂਹ ਤੁਰਦੇ ਗਏ ਅਤੇ ਕੋਟ ਭਾਈ ਤੋਂ ਅਠ ਕੋਹ ਦੇ ਫ਼ਾਸਲੇ ਤੇ ਪਿੰਡ ਬਾਚਕ ਵਿਚ ਜਾ ਪੁੱਜੇ। ਉਹ ਉਥੇ ਠਹਿਰੇ ਨਹੀਂ, ਸਗੋਂ ਦੱਖਣ ਦੇ ਪਾਸੇ ਨੂੰ ਅਗਾਂਹ ਤੁਰਦੇ ਗਏ। ਉਹ ਪਹਿਲੇ ਰੋਹੀ ਗਏ ਜਿਹੜਾ ਬਾਚਕ ਤੋਂ ਲਗ ਪਗ ਦੋ ਕੋਹ ਦੱਖਣ-ਪੱਛਮ ਵਲ ਸੀ। ਫਿਰ ਗੁਰੂ ਜੀ ਜੱਸੀ ਬਗਵਾਲੀ ਦੇ ਅਸਥਾਨ ਤੇ ਪੁੱਜੇ ਜਿਹੜਾ ਬਾਚਕ ਤੋਂ ਦੱਖਣ ਵਲ ਕੋਈ ਪੰਜ ਕੋਹ ਦੇ ਫ਼ਾਸਲੇ ਤੇ ਸੀ ਅਤੇ ਉਥੋਂ ਪੱਕਾ ਪਿੰਡ ਪੁਜੇ ਜੇਹੜਾ ਜੱਸੀ ਤੋਂ ਦੱਖਣ-

ਪੂਰਬ ਵਲ ਲਗਭਗ ਦੋ ਕੋਹਾਂ ਦੀ ਵਿੱਥ ਤੇ ਸੀ । ਪੱਕਾ ਪਿੰਡ ਤੋਂ ਤਲਵੰਡੀ ਸਾਬੋ ਲਗ ਭਗ ਦਸ ਕੋਹ ਸੀ ਜਿਥੇ ਉਥੋਂ ਦੇ ਮੁਖੀਏ ਭਾਈ ਡੱਲਾ ਨੇ ਗੁਰੂ ਜੀ ਦਾ ਹਾਰਦਿਕ ਸੁਾਗਤ ਕੀਤਾ । ਇਥੇ ਗੁਰੂ ਜੀ ਕਈ ਮਹੀਨਿਆਂ ਤੱਕ ਟਿਕੇ, ਜਿਸ ਕਰਕੇ ਇਸ ਥਾਂ ਦਾ ਨਾਂ ਦਮਦਮਾ ਸਾਹਿਬ (ਭਾਵ ਦਮ ਲੈਣ ਜਾਂ ਆਰਾਮ ਕਰਨ ਵਾਲੀ ਥਾਂ) ਪੈ ਗਿਆ । ਹੁਣ ਇਸ ਸਥਾਨ ਨੂੰ ਸਿੱਖਾਂ ਦਾ ਪੰਜਵਾਂ ਤਖਤ ਮੰਨਿਆ ਜਾਂਦਾ ਹੈ । ਪਰ ਗੁਰੂ ਜੀ ਨੇ ਆਪਣੇ ਇਸ ਆਰਾਮ-ਕਾਲ ਦੀ ਚੰਗੀ ਤੋਂ ਚੰਗੀ ਵਰਤੋਂ ਕੀਤੀ । ਇਥੇ ਹੀ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਨੂੰ ਅੰਤਿਮ ਰੂਪ ਦਿੱਤਾ, ਆਪਣੀਆਂ ਫ਼ੌਜਾਂ ਨੂੰ ਮੁੜ ਜਥੇਬੰਦ ਕੀਤਾ ਅਤੇ ਨਿਰਮਲੇ ਸਿਖਾਂ ਦੀ ਸੰਪਰਦਾਇ ਕਾਇਮ ਕੀਤੀ । ਇਥੇ ਗੁਰੂ ਸਾਹਿਬ ਦੀ ਯਾਦ ਵਿਚ ਕਈ ਇਤਿਹਾਸਿਕ ਗੁਰਦੁਆਰੇ ਬਣੇ ਹੋਏ ਹਨ । ਤਲਵੰਡੀ ਸਾਬੋ ਰਹਿੰਦਿਆਂ ਗੁਰੂ ਸਾਹਿਬ ਲਾਗਲੀਆਂ ਕਈ ਥਾਵਾਂ ਤੇ ਗਏ । ਇਕ ਵਾਰ ਉਹ ਭਾਗੀ ਬਾਂਦਰ, ਜੇਹੜਾ ਤਲਵੰਡੀ ਸਾਬੋਂ ਤੋਂ ਉੱਤਰ ਵਲ ਤਿੰਨ ਕੋਹਾਂ ਦੀ ਵਿਥ ਤੇ ਸੀ, ਕੋਟ ਸਮੀਰ, ਜੇਹੜਾ ਹੋਰ ਅੱਗੇ ਉੱਤਰ ਵਲ ਤਿੰਨ ਕੋਹਾਂ ਤੇ ਸੀ, ਅਤੇ ਚਕ ਭਾਈਕੇ, ਜੇਹੜਾ ਤਲਵੰਡੀ ਤੋਂ ਦਸ ਕੋਹ ਉੱਤਰ ਵਲ ਸੀ, ਦੇ ਸਥਾਨਾਂ ਤੇ ਗਏ । ਚੱਕ ਭਾਈਕੇ ਵਿਚ ਭਾਈ ਭਗਤੂ ਦੇ ਪੋਤਰੇ ਭਾਈ ਰਾਮ ਸਿੰਘ ਨੇ ਗੁਰੂ ਸਾਹਿਬ ਦਾ ਬੜਾ ਆਦਰ-ਭਰਪੂਰ ਸੁਾਗਤ ਕੀਤਾ । ਇੱਕ ਹੋਰ ਸਮੇਂ ਗੁਰੂ ਜੀ ਬਠਿੰਡੇ ਸ਼ਹਿਰ ਵਿਖੇ ਗਏ ਅਤੇ ਉਥੇ ਸੱਤ ਦਿਨ ਠਹਿਰੇ । ਜਦੋਂ ਉਹ ਤਲਵੰਡੀ ਸਾਬੋ ਨੂੰ ਮੁੜ ਰਹੇ ਸਨ ਤਾਂ ਉਹ ਮਹਿਮਾ ਅਤੇ ਭੋਖੜੀ ਦੇ ਪਿੰਡਾਂ ਵਿਚ ਗਏ ਜਿਹੜੇ ਬਠਿੰਡੇ ਤੋਂ ਉੱਤਰ ਵੱਲ ਵਾਕਿਆ ਸਨ । ਇਕ ਹੋਰ ਮੌਕੇ ਤੇ ਉਹ ਤਾਲਾ ਪਿੰਡ, ਜੇਹੜਾ ਤਲਵੰਡੀ ਤੋਂ ਪੂਰਬ ਵਲ ਲਗ ਭਗ ਦਸ ਕੋਹਾਂ ਦੀ ਵਿੱਥ ਤੇ ਸੀ ਤੇ ਭਾਗੂ ਪਿੰਡ, ਜਿਹੜਾ ਉੱਤਰ ਵਲ ਉਨੇ ਹੀ ਫ਼ਾਸਲੇ ਤੇ ਸੀ, ਵਿਖੇ ਗਏ । ਇਸੇ ਤਰ੍ਹਾਂ ਉਹ ਦੱਖਣ ਵੱਲ ਸੱਤ ਕੋਹਾਂ ਦੀ ਵਿੱਥ ਤੇ ਕੇਵਲ ਪਿੰਡ ਵਿਚ ਵੀ ਗਏ । ਕੇਵਲ ਪਿੰਡ ਵਿਚ ਰਾਮਾ ਅਤੇ ਤਿਲੋਕਾ ਚੌਧਰੀ ਗੁਰੂ ਸਾਹਿਬ ਨੂੰ ਆ ਕੇ ਮਿਲੇ ਅਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ । 1706 ਈ . ਦੇ ਅਖ਼ੀਰ ਵਿਚ ਉਹ ਦੱਖਣ ਵਲ ਜਾਣ ਲਈ ਸਰਸਾ ਵਲ ਰਵਾਨਾ ਹੋ ਗਏ । ਦੱਖਣ ਵਿਚ ਜਾ ਕੇ ਉਹ ਸ਼ਹਿਨਸ਼ਾਹ ਔਰੰਗਜ਼ੇਬ ਨਾਲ ਭੇਂਟ ਕਰਨੀ ਚਾਹੁੰਦੇ ਸਨ । ਉਹ ਕੇਵਲ, ਝੋਰੜ ਤੇ ਝੰਡਾ ਪਿੰਡਾਂ ਦੇ ਰਸਤੇ ਸਰਸਾ ਲਈ ਚਲੇ ਸਨ । ਝੋਰੜ ਕੇਵਲ ਤੋਂ ਦੱਖਣ ਵਲ ਪੰਜ ਕੋਹਾਂ ਤੇ ਸੀ ਅਤੇ ਝੰਡਾ ਝੋਰੜ ਤੋਂ ਦੱਖਣ ਵਲ ਛੇ ਕੋਹਾਂ ਤੇ । ਸਰਸਾ ਝੰਡਾ ਤੋਂ ਕੋਈ ਸੱਤ ਕੋਹ ਸੀ । ਇਥੇ ਉਹ ਦੋ ਦਿਨ ਠਹਿਰੇ । ਭਾਈ ਡੱਲਾ ਸਿੰਘ ਅਤੇ ਭਾਈ ਫ਼ਤਹ ਸਿੰਘ, ਜਿਹੜੇ ਇਸ ਥਾਂ ਤਕ ਗੁਰੂ ਜੀ ਨਾਲ ਆਏ ਸਨ, ਹੁਣ ਆਪਣੇ ਆਪਣੇ ਨਗਰਾਂ ਨੂੰ ਵਾਪਸ ਚਲੇ ਗਏ ।

ਨਕਸ਼ਾ ਨੰ . 12

# ਸਰਸੇ ਤੋਂ ਦਿੱਲੀ ਤਕ

ਕਿਹਾ ਜਾਂਦਾ ਹੈ ਕਿ ਸਰਸੇ ਤੋਂ ਅਗਾਂਹ ਚਲਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਵਾਹੋ-ਦਾਹੀ ਨਾਲ ਇੱਕ ਥਾਂ ਖੁਡਾਲ ਵਿਖੇ ਗਏ ਜੋ ਸਰਸਾ ਤੋਂ ਮੀਲ ਪੱਛਮ ਵੱਲ ਵਾਕਿਆ ਸੀ, ਅਤੇ ਇਹ ਸਭ ਕੁਝ ਉਨ੍ਹਾਂ ਨੇ ਇੱਕ ਗੁਲਾਬ ਸਿੰਘ ਨਾਂ ਦੇ ਆਦਮੀ ਦੀ ਸਹਾਇਤਾ ਲਈ ਕੀਤਾ ਜਿਸ ਨੂੰ ਉਥੋਂ ਦੀ ਮੁਸਲਮਾਨ ਵਸੋਂ ਨੇ ਡਾਢਾ ਪਰੇਸ਼ਾਨ ਕਰ ਰਖਿਆ ਸੀ । ਉਸ ਤੋਂ ਉਪਰੰਤ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਅਹਿਮਦਨਗਰ ਵਿਖੇ ਮਿਲਣ ਲਈ ਰਾਜਸਥਾਨ ਵੱਲ ਨੂੰ ਚਲ ਪਏ । ਉਨ੍ਹਾਂ ਦਾ ਲਾਂਘਾ ਹਰੀਪੁਰ ਬਡਤੀਰਥ, ਮਧੂ ਸਿੰਘਾਣਾ ਤੇ ਨੌਹਰ ਤੇ ਸਥਾਨਾਂ ਵਿਚੋਂ ਦੀ ਹੋਇਆ । ਨੌਹਰ ਸਰਸੇ ਤੋਂ ਲਗ ਭਗ 27 ਕੋਹ ਦੀ ਵਿੱਥ ਤੇ ਸੀ ਅਤੇ ਆਪਣੇ ਧੰਨ ਦੌਲਤ ਲਈ ਬਹੁਤ ਪ੍ਰਸਿੱਧ ਸੀ । ਨੌਹਰ ਤੋਂ ਗੁਰੂ ਸਾਹਿਬ ਭਾਦੜਾ ਚਲ ਗਏ, ਜਿਹੜਾ ਨੌਹਰ ਤੋਂ ਪੂਰਬ ਵੱਲ 18 ਕੋਹ ਦੀ ਵਿੱਥ ਤੇ ਸੀ । ਭਾਦੜੇ ਤੋਂ ਰਵਾਨਾ ਹੋ ਕੇ ਉਹ ਸੁਹੇਵਾ ਅੱਪੜ ਗਏ ਜੇਹੜਾ ਇਸ ਲਈ ਪ੍ਰਸਿੱਧ ਸੀ ਕਿ ਉਥੇ ਇੱਕ ਜੰਡ ਉੱਤੇ ਇੱਕ ਪਿਪਲ ਦਾ ਰੁੱਖ ਉੱਗਿਆ ਹੋਇਆ ਸੀ । ਇਹ ਇੱਕ ਬੜਾ ਅਨੋਖਾ ਜਿਹਾ ਦ੍ਰਿਸ਼ ਨਜ਼ਰ ਆਉਂਦਾ ਸੀ ਅਤੇ ਇਸ ਦੇ ਸੰਬੰਧ ਵਿਚ ਪਿਛਲੇ ਸਮਿਆਂ ਵਿਚ ਕਈ ਭਵਿੱਖ-ਬਾਣੀਆਂ ਪ੍ਰਚਲਿਤ ਰਹੀਆਂ ਹਨ । ਅਗਲਾ ਮਹੱਤ੍ਵਪੂਰਣ ਸਥਾਨ ਜੋ ਗੁਰੂ ਜੀ ਦੇ ਰਾਹ ਵਿਚ ਆਇਆ, ਉਹ ਨਰਾਇਣਾ ਸੀ ਜਿਥੇ ਦਾਦੂ-ਪੰਥੀਆਂ ਦਾ ਮਸ਼ਹੂਰ ਡੇਰਾ ਸਥਾਪਿਤ ਸੀ । ਗੁਰੂ ਸਾਹਿਬ ਇਸ ਦਾਦੂ-ਦੁਆਰੇ ਵਿਚ ਗਏ ਤੇ ਉਥੇ ਉਨ੍ਹਾਂ ਨੇ ਡੇਰੇ ਦੇ ਮਹੰਤ ਜੈਤ ਰਾਮ ਨਾਲ ਕੁਝ ਸਮਾਂ ਗੱਲ-ਬਾਤ ਕੀਤੀ । ਡੇਰੇ ਦੇ ਵਾਸੀਆਂ ਨੇ ਉਨ੍ਹਾਂ ਦਾ ਨਿੱਘਾ ਸੁਾਗਤ ਕੀਤਾ, ਪਰੰਤੂ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਹੀ ਠਾਠ ਬਾਠ ਤੇ ਬਹੁਤ ਹੈਰਾਨ ਸਨ । ਨਰਾਇਣਾ ਫਲੇਰਾ ਰੇਲਵੇ ਸਟੇਸ਼ਟ ਤੋਂ ਤਿੰਨ ਮੀਲ ਦੀ ਵਿੱਥ ਤੇ ਹੈ ਅਤੇ ਪਹਿਲਾਂ ਜੈਪੁਰ ਦੇ ਰਾਜ ਵਿੱਚ ਹੁੰਦਾ ਸੀ । ਉਥੋਂ ਉਹ ਦੱਖਣ-ਪੂਰਬ ਦੀ ਦਿਸ਼ਾ ਵਿਚ ਰਵਾਨਾ ਹੋਏ ਅਤੇ ਰਾਮਪੁਰੇ ਵਿਚੋਂ ਦੀ ਲੰਘ ਕੇ, ਜੋ ਭਾਦਰੇ

ਤੋਂ ੮੦ ਕਿਲੋਮੀਟਰ ਦੇ ਫਾਸਲੇ ਤੇ ਸੀ, ਕਲੌਤ ਪਹੁੰਚ ਗਏ । ਏਸ ਥਾਂ ਤੇ ਭਾਈ ਦਇਆ ਸਿੰਘ ਦੱਖਣ ਵੱਲੋਂ ਵਾਪਸ ਆ ਕੇ ਉਨ੍ਹਾਂ ਨੂੰ ਮਿਲਿਆ । ਕਲੌਤ ਤੋਂ ਉਹ ਸਿੱਧੇ ਦੱਖਣ ਨੂੰ ਚਲ ਪਏ ਤੇ ਅਜਮੇਰ ਦੇ ਨੇੜੇ ਪੁਸ਼ਕਰ ਵਿਖੇ ਪੁੱਜ ਗਏ । ਥੋੜਾ ਸਮਾਂ ਇਥੇ ਠਹਿਰ ਕੇ ਉਹ ਮੁੜ ਆਪਣੇ ਸਫ਼ਰ ਤੇ ਚਲ ਪਏ । ਅੰਤ ਵਿਚ ਉਹ ਬਘੌਰ ਪਹੁੰਚ ਗਏ ਜੋ ਉਦੇਪੁਰ ਦੀ ਰਿਆਸਤ ਵਿਚ ਵਾਕਿਆ ਸੀ । ਇਹ ਕਸਬਾ ਉਦੇਪੁਰ ਤੋਂ ਉਤਰ-ਪੂਰਬ ਦੀ ਦਿਸ਼ਾ ਵਿਚ ੭੦ ਮੀਲ ਦੀ ਵਿੱਥ ਤੇ ਬਨਾਸ ਦਰਿਆ ਦੀ ਇੱਕ ਸਹਾਇਕ ਨਦੀ ਦੇ ਕੰਢੇ ਤੇ ਆਬਾਦ ਸੀ । ਬਘੌਰ ਵਿਖੇ ਗੁਰੂ ਸਾਹਿਬ ਨੂੰ ਖਬਰ ਪੁੱਜੀ ਕਿ ਔਰੰਗਜ਼ੇਬ ਦੀ ਮ੍ਰਿਤੂ ਹੋ ਗਈ ਹੈ ਅਤੇ ਉਸ ਦੇ ਪੁਤਰਾਂ ਵਿਚ ਰਾਜ-ਗੱਦੀ ਲਈ ਸੰਗਰਾਮ ਛਿੜ ਗਿਆ ਹੈ । ਹੁਣ ਅਗਾਂਹ ਜਾਣ ਦਾ ਕੋਈ ਲਾਭ ਨਹੀਂ ਸੀ । ਇਸ ਲਈ ਉਹ ਕੁਝ ਸਮਾਂ ਉਥੇ ਹੀ ਟਿਕੇ ਰਹੇ । ਜਦੋਂ ਉਨ੍ਹਾਂ ਨੂੰ ਇਹ ਸੂਹ ਲੱਗੀ ਕਿ ਮੁਅਜ਼ਮ ਦਿੱਲੀ ਤੇ ਆਗਰੇ ਵਲ ਧਾਈ ਕਰਕੇ ਆ ਰਿਹਾ ਹੈ, ਤਾਂ ਉਨ੍ਹਾਂ ਝਟ ਪੱਟ ਉਸ ਨੂੰ ਅਸ਼ੀਰਵਾਦ ਦੇਣ ਦਾ ਫੈਸਲਾ ਕਰ ਲਇਆ । ਪਹਿਲਾਂ, ਉਨ੍ਹਾਂ ਨੇ ਧਰਮ ਸਿੰਘ ਤੇ ਕੁਝ ਹੋਰ ਆਗਿਆਕਾਰੀ ਸਿੱਖਾਂ ਨੂੰ ਮੁਅਜ਼ਮ ਦੇ ਪਾਸ ਭੇਜਿਆ, ਤਾਂ ਜੋ ਉਹ ਉਸ ਨੂੰ ਉਨ੍ਹਾਂ ਦੀ ਅਖਲਾਕੀ ਸਹਾਇਤਾ ਦਾ ਭਰੋਸਾ ਦੁਆ ਦੇਣ । ਥੋੜਾ ਸਮਾਂ ਪਿਛੋਂ ਉਹ ਆਪ ਵੀ ਦਿੱਲੀ ਵਲ ਚਲ ਪਏ, ਜੋ ਬਘੌਰ ਤੋਂ ਲਗ ਪਗ ੩੦੦ ਮੀਲ ਦੂਰ ਸੀ । ਜਿਸ ਵੇਲੇ ਉਹ ਦਿਲੀ ਪੁਜੇ, ਮੁਅਜ਼ਮ ਅਗਾਂਹ ਆਗਰੇ ਵਲ ਜਾ ਚੁੱਕਾ ਸੀ । ਗੁਰੂ ਸਾਹਿਬ ਕੁਝ ਸਮਾਂ ਦਿੱਲੀ ਵਿਚ ਹੀ ਠਹਿਰੇ ਰਹੇ ਜਿਹੜੀਆਂ ਥਾਵਾਂ ਦਾ ਉਨ੍ਹਾਂ ਨੇ ਦਿੱਲੀ ਵਿਚ ਆਉਣ ਨਾਲ ਸੰਬੰਧ ਹੈ, ਉਨ੍ਹਾਂ ਦੇ ਨਾਉਂ ਮੋਤੀ ਬਾਗ ਤੇ ਦਮਦਮਾ ਸਾਹਿਬ ਹਨ।

ਨਕਸ਼ਾ ਨੰ. 13

# ਦਿੱਲੀ ਤੋਂ ਚਿਤੌੜਗੜ੍ਹ

ਜਾਜੂ ਦੀ ਲੜਾਈ ਵਿਚ ਮੁਅਜ਼ਮ ਦੀ ਜਿੱਤ ਦੀ ਖਬਰ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਤੋਂ ਆਗਰੇ ਲਈ ਚੱਲ ਪਏ । ਰਾਹ ਵਿਚ ਉਹ ਮਥਰਾ ਅਤੇ ਬਿੰਦਰਾਬਨ ਗਏ । ਆਗਰੇ ਵਿਚ ਉਹ ਸ਼ਹਿਰ ਤੋਂ ਬਾਹਰ ਇੱਕ ਬਾਗ ਵਿਚ ਠਹਿਰੇ । ਇਸ ਤੋਂ ਛੇਤੀ ਹੀ ਬਾਅਦ ਮੁਅਜ਼ਮ ਨੇ, ਜਿਸ ਨੇ ਕਿ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿਤਾ ਸੀ, ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਕੀਮਤੀ ਸਰੋਪਾ ਭੇਟ ਕੀਤਾ । ਗੁਰੂ ਜੀ ਇਥੇ ਤਕਰੀਬਨ ਚਾਰ ਮਹੀਨੇ ਠਹਿਰੇ । ਆਪ ਇਥੇ ਬਾਦਸ਼ਾਹ ਨਾਲ ਗੱਲਬਾਤ ਕਰਨ ਲਈ ਆਏ ਸਨ । ਇਹ ਗੱਲ ਬਾਤ ਹਾਲੇ ਨਿਬੜੀ ਨਹੀਂ ਸੀ ਕਿ ਬਾਦਸ਼ਾਹ ਨੂੰ ਵਿਚਾਲੇ ਹੀ ਕੁਝ ਰਾਜਪੂਤ ਬਗਾਵਤਾਂ ਨੂੰ ਦਬਾਉਣ ਲਈ ਰਾਜਸਥਾਨ ਵਿਚ ਜਾਣਾ ਪਇਆ । ਗੁਰੂ ਜੀ ਨੇ ਉਸ ਦੇ ਨਾਲ ਜਾਣ ਦਾ ਫੈਸਲਾ ਕੀਤਾ । ਬਾਦਸ਼ਾਹ ਜਲਦੀ ਹੀ ਭਰਤਪੁਰ ਅਤੇ ਦੋਸਾ ਰਾਹੀਂ ਅੰਬੇਰ (ਅਜ ਕਲ ਜੈਪੁਰ) ਵਲ ਚਲਾ ਗਿਆ । ਗੁਰੂ ਜੀ ਨੇ ਵੀ ਉਹ ਹੀ ਰਸਤਾ ਅਪਣਾਇਆ । ਅੰਬੇਰ ਤੋਂ ਗੁਰੂ ਜੀ ਬਾਦਸ਼ਾਹ ਨਾਲ ਦੰਮੀ, ਮਦਨਗੰਜ ਅਤੇ ਕਿਸ਼ਨਗੜ ਰਾਹੀਂ ਅਜਮੇਰ ਵਿਖੇ ਗਏ । ਅਜਮੇਰ ਵਿਚ ਠਹਿਰਨ ਸਮੇਂ ਗੁਰੂ ਜੀ ਪੁਸ਼ਕਰ ਝੀਲ ਤੇ ਗਏ ਜੋ ਕਿ ਹਿੰਦੂਆਂ ਦੇ ਮਹਾਨ ਤੇ ਪਵਿਤਰ ਅਸਥਾਨਾਂ ਵਿਚੋਂ ਮੰਨੀ ਜਾਂਦੀ ਹੈ ।


ਬਾਦਸ਼ਾਹ ਬਹਾਦੁਰ ਸ਼ਾਹ ਬਗਾਵਤ ਦਬਾਉਣ ਲਈ ਅਜਮੇਰ ਤੋਂ ਮੇੜਤਾ ਗਿਆ ਅਤੇ ਉਥੋਂ ਹੋ ਕੇ ਵਾਪਸ ਅਜਮੇਰ ਆ ਗਇਆ । ਗੁਰੂ ਜੀ ਵੀ ਉਸ ਦੇ ਨਾਲ ਕੂਚ ਕਰਕੇ ਅਗਾਂਹ ਮੇੜਤਾ ਗਏ ਅਤੇ ਫਿਰ ਵਾਪਸ ਆਏ । ਇਸ ਸਮੇਂ ਆਪ ਨੂੰ ਪੁਸ਼ਕਰ ਵਿਚ ਠਹਿਰਣ ਦਾ ਮੌਕਾ ਮਿਲਿਆ, ਜਿਥੇ ਕਿ ਹਾਲੇ ਤੱਕ ਗੋਬਿੰਦ ਘਾਟ (ਜਿਸ ਨੂੰ ਗਲਤੀ ਨਾਲ ਗੋ ਘਾਟ ਕਹਿਆ ਜਾਂਦਾ ਹੈ) ਆਪ ਜੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ ਇਸ ਵੇਲੇ ਬਹਾਦੁਰਸ਼ਾਹ ਨੂੰ ਖਬਰ ਮਿਲੀ ਕਿ ਉਸ ਦੇ ਛੋਟੇ ਭਰਾ ਕਾਮ ਬਖਸ਼ ਨੇ ਦੱਖਣ ਵਿਚ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿਤਾ ਹੈ । ਇਸ ਲਈ ਉਸ ਬਗਾਵਤ ਨੂੰ ਦਬਾਉਣ ਲਈ ਬਹਾਦੁਰਸ਼ਾਹ ਜਲਦੀ ਜਲਦੀ ਚਿਤੌੜਗੜ੍ਹ ਰਾਹੀਂ ਦੱਖਣ ਵਲ ਨੂੰ ਚੱਲ ਪਇਆ । ਗੁਰੂ ਜੀ ਨੇ ਫਿਰ ਬਾਦਸ਼ਾਹ ਨਾਲ ਜਾਣ ਦਾ ਫੈਸਲਾ ਕੀਤਾ । ਉਹ ਨਸੀਰਾਬਾਦ, ਭੀਲਵਾੜਾ ਅਤੇ ਹਮੀਰਗੜ੍ਹ ਵਿਚੋਂ ਦੀ ਲੰਘੇ । ਚਿਤੌੜਗੜ੍ਹ ਦੇ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਧਰਮ ਦਾ ਪੁਤਰ ਜ਼ੋਰਾਵਰ ਸਿੰਘ, ਜੋ ਕਿ ਬਸੀ ਪਠਾਨਾਂ ਦੇ ਇਕ ਤਰਖਾਣ ਦਾ ਲੜਕਾ ਸੀ, ਸਥਾਨਕ ਸਪਾਹੀਆਂ ਨਾਲ ਇਕ ਅਚਾਨਕ ਲੜਾਈ ਵਿਚ ਮਾਰਿਆ ਗਇਆ । ਇਉਂ ਜਾਪਦਾ ਹੈ ਕਿ ਜਦ ਆਪ ਚਿਤੌੜਗੜ੍ਹ ਸਨ ਤਾਂ ਥੋੜੀ ਦੇਰ ਲਈ ਆਪ ਉਦੇਪੁਰ ਵੀ ਗਏ, ਜਿਥੇ ਹੁਣ ਤੱਕ ਉਨ੍ਹਾਂ ਦੀਆਂ ਕੁਝ ਚੀਜ਼ਾਂ ਯਾਦਗਾਰ ਵਜੋਂ ਸਾਂਭੀਆਂ ਹੋਈਆਂ ਹਨ ।

ਨਕਸ਼ਾ ਨੰ. 14

# ਚਿਤੌੜਗੜ੍ਹ ਤੋਂ ਨੰਦੇੜ ਤੱਕ

ਚਿਤੌੜਗੜ੍ਹਤੋਂ ਗੁਰੂ ਜੀ ਬਾਦਸ਼ਾਹ ਬਹਾਦਰਸ਼ਾਹ ਦੇ ਨਾਲ ਬੁਰਹਾਨਪੁਰ ਲਈ ਚਲ ਪਏ ਜਿਥੋਂ ਅਗੇ ਉਨ੍ਹਾਂ ਹੈਦਰਾਬਾਦ (ਦੱਖਣ) ਨੂੰ ਜਾਣਾ ਸੀ। ਨਿੰਮਬਹੇਰਾ, ਨਯਾ ਗਾਉਂ, ਨੀਮਚ, ਮਲਹਾਰਗੜ੍ਹ, ਪਿਪਲੀਆ, ਮੰਦਸੌਰ, ਉਜੈਨ ਅਤੇ ਇੰਦੌਰ ਉਨ੍ਹਾਂ ਦੇ ਰਾਹ ਵਿਚ ਪੈਂਦੇ ਸਨ। ਉਨ੍ਹਾਂ ਨੇ ਲਗ ਭਗ ਅੱਧ ਮਈ 1708 ਈ. ਨੂੰ ਨਰਬਦਾ ਨਦੀ ਅਤੇ ਜੂਨ ਦੇ ਆਖਰੀ ਹਫਤੇ ਵਿੱਚ ਤਾਪਤੀ ਨਦੀ ਪਾਰ ਕੀਤੀ। ਤਾਪਤੀ ਤੋਂ ਇੱਕ ਦਮ ਪਾਰ ਬੁਰਹਾਨਪੁਰ ਦਾ ਸ਼ਹਿਰ ਸੀ। ਗੁਰੂ ਸਾਹਿਬ ਕਈ ਦਿਨ ਉਥੇ ਠਹਿਰੇ। ਉਨ੍ਹਾਂ ਦੇ ਉਥੇ ਠਹਿਰਨ ਦੀ ਯਾਦ ਵਿਚ ਮੰਦਰ ਹਠੀ ਸਿੰਘ ਨਾਂ ਦਾ ਇਕ ਗੁਰਦਵਾਰਾ ਬਣਿਆ ਹੋਇਆ ਹੈ। ਬੁਰਹਾਨਪੁਰਾ ਦੇ ਯੋਗੀ ਜੀਵਨ ਦਾਸ ਨੇ ਬੜੀ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਕੀਤੀ। ਦਾਦੂ ਦੁਆਰੇ ਦਾ ਮਹੰਤ ਜੈਤ ਰਾਮ ਵੀ, ਜਿਹੜਾ ਉਸ ਵੇਲੇ ਬੁਰਹਾਨਪੁਰ ਵਿਚ ਮੌਜੂਦ ਸੀ, ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਇਆ। ਦੋਨਾਂ ਹੀ, ਯੋਗੀ ਅਤੇ ਮਹੰਤ ਨੇ, ਗੁਰੂ ਜੀ ਨੂੰ ਬੈਰਾਗੀ ਮਾਧੋ ਦਾਸ ਅਤੇ ਉਸ ਦੀਆਂ ਕਰਾਮਾਤੀ ਸ਼ਕਤੀਆਂ ਬਾਰੇ ਦਸ ਪਾਈ। ਗੁਰੂ ਜੀ ਨੇ ਉਸ ਨੂੰ ਮਿਲਣ ਲਈ ਇਕਦਮ ਇਰਾਦਾ ਧਾਰ ਲਇਆ। ਕੁਝ ਲੋਕਾਂ ਦੇ ਕਹਿਣ ਅਨੁਸਾਰ ਗੁਰੂ ਜੀ ਬੁਰਹਾਨਪੁਰ ਤੋਂ ਅਮਰਾਵਤੀ ਗਏ ਜਿਹੜਾ ਬੁਰਹਾਨਪੁਰ ਤੋਂ ੮੦ ਮੀਲ ਪੂਰਬ ਵਲ ਹੈ ਅਤੇ ਉਥੋਂ ਉਹ ਬਾਲਾਪੁਰ, ਪਾਤੁਰ ਅਤੇ ਮਲਿਕਪੁਰ ਦੇ ਰਸਤੇ ਹੰਗੋਲੀ ਪੁਜੇ। ਕਈਆਂ ਦਾ ਇਹ ਮਤ ਹੈ ਕਿ ਉਹ ਅਮਰਾਵਤੀ ਨਹੀਂ ਗਏ ਅਤੇ ਬੁਰਹਾਨਪੁਰ ਤੋਂ ਸਿਧੇ ਬਾਲਾਪੁਰ ਦੇ ਰਾਹੀਂ ਹੰਗੋਲੀ ਪੁਜੇ। ਹੰਗੋਲੀ ਦੇ ਸਥਾਨ ਤੇ ਗੁਰੂ ਜੀ ਬਾਦਸ਼ਾਹ ਨਾਲੋਂ ਵੱਖ ਹੋ ਕੇ ਨੰਦੇੜ ਵਲ ਰਵਾਨਾ ਹੋ ਗਏ ਜਿਥੇ ਉਹ ਅਗਸਤ 1708 ਦੇ ਅਖੀਰ ਜਾਂ ਸਤੰਬਰ ਦੇ ਸ਼ੁਰੂ ਵਿੱਚ ਪੁਜੇ। ਇਹ ਉਹ ਥਾਂ ਸੀ ਜਿਥੇ ਗੁਰੂ ਜੀ ਨੇ ਆਪਣੀ ਅਤੀ ਸ਼ਾਨਦਾਰ ਅਤੇ ਘਟਨਾ-ਭਰਪੂਰ ਜੀਵਨ-ਯਾਤਰਾ ਸਮਾਪਤ ਕੀਤੀ। ਗੁਰੂ ਸਾਹਿਬ ਨੂੰ ਉਹ ਥਾਂ ਚੰਗੀ ਲਗੀ ਸੀ ਅਤੇ ਉਨ੍ਹਾਂ ਨੇ ਉਥੇ ਹੀ ਰਹਿਣਾ ਪਸੰਦ ਕੀਤਾ,ਜਦ ਕਿ ਬਾਦਸ਼ਾਹ ਅਗੇਰੇ ਹੈਦਰਾਬਾਦ ਵਲ ਚਲਾ ਗਿਆ ਸੀ। ਛੇਤੀ ਹੀ ਪਿਛੋਂ ਸਰਹੰਦ ਦੇ ਫੌਜਦਾਰ ਵਜ਼ੀਰ ਖਾਂ ਦੇ ਭੇਜੇ ਹੋਏ ਭਾੜੇ ਦੇ ਇਕ ਮੱਨੁਖ ਨੇ ਛੁਰਾ ਮਾਰ ਕੇ ਗੁਰੂ ਜੀ ਦੇ ਜੀਵਨ ਦਾ ਅੰਤ ਕਰ ਦਿਤਾ। ਸ਼ਹਾਦਤ ਦੇ ਇਸ ਪਵਿਤਰ ਅਸਥਾਨ ਉਤੇ ਇਕ ਸੁੰਦਰ ਗੁਰਦੁਵਾਰਾ, ਸ੍ਰੀ ਹਜ਼ੂਰ ਸਾਹਿਬ, ਸਥਿੱਤ ਹੈ। ਇਸ ਤੋਂ ਇਲਾਵਾ ਉੱਥੇ ਨਿਮਨਲਿਖਤ ਅੱਠ ਹੋਰ ਗੁਰਦਵਾਰੇ ਵੀ ਹਨ : ਲੰਗਰ ਸਾਹਿਬ, ਨਗੀਨਾ ਘਾਟ, ਬੰਦਾ ਘਾਟ, ਮਾਲ ਟੇਕਰੀ, ਸੰਗਤ ਸਾਹਿਬ, ਸ਼ਿਕਾਰ ਘਾਟ, ਹੀਰਾ ਘਾਟ ਅਤੇ ਮਾਤਾ ਸਾਹਿਬ ਕੌਰ। ਹਜ਼ੂਰ ਸਾਹਿਬ (ਨੰਦੇੜ) ਸਿੱਖਾਂ ਦੇ ਬੜੇ ਤਖਤਾਂ ਵਿਚੋਂ ਇੱਕ ਹੈ।


www.sikhbookclub.com




ਭਾਰਤ INDIA
IMPORTANT PLACES CONNECTED WITH GURU GOBIND SINGH'S LIFE
ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਿਤ ਪ੍ਰਸਿੱਧ ਥਾਵਾਂ
ਅਫਗਾਨਿਸਤਾਨ AFGHANISTAN
KABUL ਕਾਬੁਲ
ਗਿਲਗਿਤ GILGIT
ਸਿਰੀਨਗਰ SRINAGAR
ਲੇਹ LEH
ਸਿੰਧ INDUS
RAWALPINDI ਰਾਵਲਪਿੰਡੀ
ਜੰਮੂ JAMMU
ਜੁਆਲਾਮੁਖੀ JAWALAMUKHI
MANDI ਮੰਡੀ
ਅੰਮ੍ਰਿਤਸਰ AMRITSAR
ਆਨੰਦਪੁਰ ANANDPUR
ਚਮਕੌਰ CHAMKAUR
RUPAR ਰੋਪੜ
BHANGANI ਭੰਗਾਣੀ
PAONTA ਪਾਊਂਟਾ
ਮੁਕਤਸਰ MUKATSAR
BHATINDA ਬਠਿੰਡਾ
DEHRADUN ਡੇਹਰਾਦੂਨ
ਤਲਵੰਡੀ ਸਾਬੋ TALWANDI SABO
HARDWAR ਹਰਦਵਾਰ
ਸਰਸਾ SIRSA
ਸਤਲੁਜ SUTLEJ
ਪਾਕਿਸਤਾਨ
WEST PAKISTAN
ਪੱਛਮੀ
ਦਿੱਲੀ DELHI
ਪੀਲੀਭੀਤ PILIBHIT
BAGOR ਬਗੋਰ
ਅੰਬੇਰ AMBER
ਮਥਰਾ MATHURA
AGRA ਆਗਰਾ
GANGES ਗੰਗਾ
JAISALMER ਜੈਸਲਮੇਰ
MERTA ਮੁੜਤਾ
ਅਜਮੇਰ AJMER
JAJAU ਜਾਜੋ
JUMNA ਜਮਨਾ
LUCKNOW ਲਖਨਊ
AYODHYA ਅਯੁਧਿਆ
CHAMBAL ਚੰਬਲ
ਝਾਂਸੀ JHANSI
CHITORGARH ਚਿਤੌੜਗੜ੍ਹ
ALLAHABAD ਅਲਾਹਬਾਦ
ਬਨਾਰਸ VARANASI
MIRZAPUR ਮਿਰਜ਼ਾਪੁਰ
CHAPRA ਛਪਰਾ
AARAN ਆਰਾ
SASRAM ਸਸਰਾਮ
ਪਟਨਾ PATNA
ਮੰਦਸੌਰ MANDASOR
CHINA ਚੀਨ
NEPAL ਨੇਪਾਲ
ਕਠਮੰਡੂ KATHMANDU
LHASA ਲਾਸਾ
ਸਾਂਪੋ TSANGPO
ਭੂਟਾਨ BHUTAN
ਬ੍ਰਹਮਪੁਤਰ BRAMAPUTRA
SHILLONG ਸ਼ਿਲਾਂਗ
EAST PAKISTAN ਪਾਕਿਸਤਾਨ
GANGES ਗੰਗਾ
DACCA ਢਾਕਾ
AHMADABAD ਅਹਿਮਦਾਬਾਦ
BHOPAL ਭੂਪਾਲ
JABALPUR ਜਬਲਪੁਰ
RANCHI ਰਾਂਚੀ
ਕਲਕੱਤਾ CALCUTTA
PORBANDAR ਪੋਰਬੰਦਰ
NARMADA ਨਰਮਦਾ
RAJGARH ਰਾਜਗੜ੍ਹ
ਮਹਾਂਨਦੀ MAHANADI
SURAT ਸੂਰਤ
BURHANPUR ਬੁਰਹਾਨਪੁਰ
NAGPUR ਨਾਗਪੁਰ
ਬਾਲਾਪੁਰ BALAPUR
BASIM ਬਾਸਿਮ
ਨੰਦੇੜ NANDER
ਬੰਬਈ BOMBAY
GODAVARI ਗੋਦਾਵਰੀ
ਸੋਲਾਪੁਰ SHOLAPUR
HYDERABAD ਹੈਦਰਾਬਾਦ
ਵਿਸਾਖਾਪਟਨਮ VISHAKHAPATNAM
ARABIAN SEA
ਅਰਬ ਸਾਗਰ
BAY OF BENGAL
ਖਾੜੀ ਬੰਗਾਲ
KRISHNA ਕ੍ਰਿਸ਼ਨਾ
ਪੰਜਮ PANJIM
ਗੁੰਟਾਕੁਲ GUNTAKAL
ਮਦਰਾਸ MADRAS
ਬੰਗਲੌਰ BANGALORE
ਕਾਲੀਕਟ CALICUT
CAUVERI ਕਾਵੇਰੀ
MADURAI ਮਦੁਰਾਇ
ਟ੍ਰੀਵੈਂਡ੍ਰਮ TRIVANDRUM
ਲੰਕਾ CEYLON
KILOMETRES ਕਿਲੋਮੀਟਰ
ਥਾਵਾਂ ਜਿਥੇ ਗੁਰੂ ਗੋਬਿੰਦ ਸਿੰਘ ਜੀ ਗਏ
PLACES VISITED BY GURU GOBIND SINGH
INTERNATIONAL BOUNDARY ਅੰਤਰ-ਰਾਸ਼ਟ੍ਰੀ ਸੀਮਾ
RIVERS ਦਰਿਆ
68°E
72°
76°
80°
84°
88°
92°


ਨਕਸ਼ਾ ਨੰ. 1

# PLACES VISITED BY GURU GOBIND SINGH ON HIS WAY FROM PATNA TO ALLAHABAD

## ਪਟਨੇ ਤੋਂ ਅਲਾਹਾਬਾਦ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ






ਨਕਸ਼ਾ ਨੰ. 2


www.sikhbookclub.com

## PLACES VISITED BY GURU GOBIND SINGH ON HIS WAY FROM ALLAHABAD TO BHANU KHERI

ਅਲਾਹਾਬਾਦ ਤੋਂ ਭਾਨੂਖੇੜੀ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ








ਨਕਸ਼ਾ ਨੰ.3


www.sikhbookclub.com

# PLACES VISITED BY GURU GOBIND SINGH ON HIS WAY FROM BHANUKHERI TO ANANDPUR

## ਭਾਨੂਖੇੜੀ ਤੋਂ ਆਨੰਦਪੁਰ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ





ਨਕਸ਼ਾ ਨੰ. 4



www.sikhbookclub.com

# PLACES VISITED BY GURU GOBIND SINGH DURING HIS STAY AT ANANDPUR


## ਆਨੰਦਪੁਰ ਠਹਿਰਣ ਸਮੇਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ




ਨਕਸ਼ਾ ਨੰ. 5

 www.sikhbookclub.com

# BATTLES OF GURU GOBIND SINGH ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ




PLACE WHERE BATTLES WERE FOUGHT BY GURU GOBIND SINGH
ਥਾਵਾਂ- ਜਿੱਥੇ ਗੁਰੂ ਸਾਹਿਬ ਨੇ ਜੰਗਾਂ ਲੜੀਆਂ

KILOMETRES ਕਿਲੋਮੀਟਰ
10 0 10 20 30 40 50 60 70 80


ਵਰਤਮਾਨ ਸੜਕਾਂ PRESENT ROADS
RIVERS ਦਰਿਆ

ਨਕਸ਼ਾ ਨੰ: 6

 www.sikhbookclub.com

# PLACES VISITED BY GURU GOBING SINGH ON HIS WAY FROM ANANDPUR TO CHAMKAUR


ਆਨੰਦਪੁਰ ਤੋਂ ਚਮਕੌਰ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ




ਨਕਸ਼ਾ ਨੰ: 7

## PLACES VISITED BY GURU GOBIND SINGH ON HIS WAY FROM CHAMKAUR TO ALAMGIR

### ਚਮਕੌਰ ਤੋਂ ਭਾਨੂਖੇੜੀ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ




ਗੁਰੂ ਜੀ ਦੀਆਂ ਵੇਖੀਆਂ ਥਾਵਾਂ
PLACES VISITES BY GURU GOBIND SINGH

APPORXIMATE ROUTE FOLLOWED BY THE GURU
ਗੁਰੂ ਸਾਹਿਬ ਦਾ ਯਾਤ੍ਰਾ-ਮਾਰਗ (ਲਗਭਗ)

MILES 4 3 2 1 0 ਮੀਲ MILES 4


ਵਰਤਮਾਨ ਸੜਕਾਂ
PRESENT ROADS

RIVERS ਦਰਿਆ

ਨਕਸ਼ਾ ਨੰ: 8

# PLACES VISITED BY GURU GOBIND SINGH ON HIS WAY FROM ALAMGIR TO DINA

## ਆਲਮਗੀਰ ਤੋਂ ਦੀਨਾ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ




PLACES VISITED BY GURU GOBIND SINGH
ਗੁਰੂ ਜੀ ਦੀਆਂ ਵੇਖੀਆਂ ਥਾਵਾਂ

APPORXIMATE ROUTE FOLLOWED BY THE GURU
ਗੁਰੂ ਜੀ ਦਾ ਯਾਤ੍ਰਾ-ਮਾਰਗ (ਲਗਭਗ)

MILES ਮੀਲ 4 3 2 1 0 4 ਮੀਲ 8 MILES


ਵਰਤਮਾਨ ਸੜਕਾਂ
PRESENT ROADS

ਨਕਸ਼ਾ ਨੰ: 9


www.sikhbookclub.com

# PLACES VISITED BY GURU GOBIND SINGH DURING HIS TRAVELS IN DINA - BHATINDA AREA

## ਦੀਨਾ - ਬਠਿੰਡਾ ਇਲਾਕੇ ਵਿੱਚ ਸਫਰ ਸਮੇਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ





MAP NO. 10



www.sikhbookclub.com

# PLACES VISITED BY GURU GOBIND SINGH DURING HIS TRAVELS IN BHATINDA- SIRSA AREA.

## ਬਠਿੰਡਾ-ਸਰਸਾ ਇਲਾਕੇ ਵਿਚ ਸਫਰ ਸਮੇਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ





ਨਕਸ਼ਾ ਨੰ: 11



www.sikhbookclub.com

# PLACES VISITED BY GURU GOBIND SINGH ON HIS WAY FROM SIRSA TO DELHI


## ਸਰਸਾ ਤੋਂ ਦਿੱਲੀ ਜਾਣ ਸਮੇਂ ਜਿਨ੍ਹਾਂ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਗਏ




ਨਕਸ਼ਾ ਨੰ: 12

# PLACES VISITED BY GURU GOBIND SINGH ON HIS WAY FROM DELHI TO CHITORGARH

ਦਿੱਲੀ ਤੋਂ ਚਿਤੌੜਗੜ੍ਹ ਜਾਣ ਸਮੇਂ ਜਿਨ੍ਹਾਂ ਥਾਵਾਂ ਤੇ ਗੁਰੂ ਗੋਬਿੰਦ ਸਿੰਘ ਜੀ ਗਏ





ਨਕਸ਼ਾ ਨੰ: 13



www.sikhbookclub.com

# PLACES VISITED BY GURU GOBIND SINGH ON HIS WAY FROM CHITORGARH TO NANDAR

## ਚਿਤੌੜਗੜ੍ਹ ਤੋਂ ਨੰਦੇੜ ਜਾਂਦਿਆਂ ਜਿਹੜੀਆਂ ਥਾਵਾਂ ਤੇ ਗੁਰੂ ਸਾਹਿਬ ਗਏ




ਨਕਸ਼ਾ ਨੰ: 14